ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 93 Tuesday, May 19, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

## ਏਅਰ ਕੈਨੇਡਾ ਵੱਲੋਂ ਵਰਕਫੋਰਸ ਘਟਾਉਣ ਦੇ ਐਲਾਨ ਤੋਂ ਬਾਅਦ ਟਰੂਡੋ ਨੇ ਮਦਦ ਦਾ ਦਿੱਤਾ ਭਰੋਸਾ






ਓਟਵਾ, 18 ਮਈ (ਪੋਸਟ ਬਿਊਰੋ) : ਏਅਰ ਕੈਨੇਡਾ ਵੱਲੋਂ ਆਪਣੀ ਵਰਕਫੋਰਸ ਘੱਟੋ ਘੱਟ ਅੱਧੀ ਘਟਾ ਦਿੱਤੇ ਜਾਣ ਦੇ ਐਲਾਨ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਫੈਡਰਲ ਸਰਕਾਰ ਏਅਰਲਾਈਨਜ਼ ਲਈ ਹੋਰ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

ਈਮੇਲ ਕੀਤੇ ਇੱਕ ਬਿਆਨ ਵਿੱਚ ਏਅਰ ਕੈਨੇਡਾ ਨੇ ਸ਼ੁੱਕਰਵਾਰ ਨੂੰ ਆਖਿਆ ਸੀ ਕਿ 7 ਜੂਨ ਤੱਕ ਉਹ ਆਪਣੇ ਅਮਲੇ ਵਿੱਚੋਂ 50 ਤੋਂ 60 ਫੀ ਸਦੀ ਤੱਕ ਸਟਾਫ ਦੀ ਛਾਂਗੀ ਕਰ ਦੇਵੇਗੀ। ਇਸ ਤੋਂ ਭਾਵ ਹੈ ਕਿ 22,800 ਲੋਕ ਰੋਜ਼ਗਾਰ ਤੋਂ ਵਿਹਲੇ ਹੋ ਜਾਣਗੇ। ਇਸ ਉੱਤੇ ਟਰੂਡੋ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਕਾਰਨ ਕੁੱਝ ਏਰੀਆਜ਼ ਹੋਰਨਾਂ ਨਾਲੋਂ ਜ਼ਿਆਦਾ ਪ੍ਰਭਾਵਿਤ ਹੋਏ ਹਨ। ਏਅਰਲਾਈਨਜ਼ ਮਹਾਂਮਾਰੀ ਤੋਂ ਪਹਿਲਾਂ ਬਹੁਤ ਵਧੀਆ ਕੰਮ ਕਰ ਰਹੀਆਂ ਸਨ। ਇਸ ਦੌਰਾਨ ਟਰੂਡੋ ਨੇ ਇਹ ਐਲਾਨ ਵੀ ਕੀਤਾ ਕਿ ਕੋਵਿਡ-19 ਸਬੰਧੀ ਵੈਕਸੀਨ ਦੇ ਦੇਸ਼ ਵਿੱਚ ਪਹਿਲੇ ਟਰਾਇਲ ਵੀ ਸ਼ੁਰੂ ਹੋਣ ਜਾ ਰਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਮਈ ਮਹੀਨੇ ਲਈ ਕੈਨੇਡਾ ਚਾਈਲਡ ਬੈਨੇਫਿਟ ਵਿੱਚ 300 ਡਾਲਰ ਵਾਧੇ ਦਾ ਐਲਾਨ ਵੀ ਕੀਤਾ।

ਟਰੂਡੋ ਨੇ ਆਖਿਆ ਕਿ ਸਾਨੂੰ ਇਸ ਸੱਭ ਕਾਸੇ ਤੋਂ ਬਾਅਦ ਵੀ ਏਅਰਲਾਈਨਜ਼ ਦੀ ਲੋੜ ਹੋਵੇਗੀ। ਇਸ ਲਈ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਸੀਂ ਸਹੀ ਢੰਗ ਨਾਲ ਉਨ੍ਹਾਂ ਦੀ ਮਦਦ ਕਰੀਏ ਜਿਸ ਨਾਲ ਕੈਨੇਡੀਅਨਾਂ ਲਈ ਕੋਈ ਤੁੱਕ ਵੀ ਬਣੇ। ਏਅਰ ਕੈਨੇਡਾ ਨੇ ਦੱਸਿਆ ਕਿ ਕੋਵਿਡ-19 ਮਹਾਂਮਾਰੀ ਕਾਰਨ ਬਿਜ਼ਨਸ 95 ਫੀ ਸਦੀ ਮੱਠਾ ਚੱਲ ਰਿਹਾ ਹੈ ਤੇ ਆਮ ਟਰੈਫਿਕ ਦਾ ਪੱਧਰ ਵੀ ਜਲਦੀ ਸ਼ੁਰੂ ਨਹੀਂ ਹੋਣ ਵਾਲਾ।

## ਮੌਡਰਨਾ ਵੱਲੋਂ ਤਿਆਰ ਕਰੋਨਾਵਾਇਰਸ ਸਬੰਧੀ ਵੈਕਸੀਨ ਦੇ ਆਏ ਚੰਗੇ ਨਤੀਜੇ




ਵਾਸ਼ਿੰਗਟਨ, 18 ਮਈ (ਪੋਸਟ ਬਿਊਰੋ) : ਕਰੋਨਾਵਾਇਰਸ ਸਬੰਧੀ ਪਹਿਲੀ ਵੈਕਸੀਨ, ਜਿਸ ਦਾ ਮਨੁੱਖਾਂ ਉੱਤੇ ਟਰਾਇਲ ਕੀਤਾ ਜਾ ਰਿਹਾ ਹੈ, ਸੇਫ ਲੱਗ ਰਹੀ ਹੈ ਤੇ ਇਸ ਦਾ ਇਸ ਸੰਕ੍ਰਮਣ ਪ੍ਰਤੀ ਅਸਰ ਵੀ ਕਾਫੀ ਉਤਸਾਹਜਨਕ ਹੈ। ਇਸ ਦਾ ਐਲਾਨ ਵੈਕਸੀਨ ਤਿਆਰ ਕਰਨ ਵਾਲੀ ਕੰਪਨੀ ਮੌਡਰਨਾ ਵੱਲੋਂ ਸੋਮਵਾਰ ਨੂੰ ਕੀਤਾ ਗਿਆ। ਇਸ ਮਹਾਂਮਾਰੀ ਨੂੰ ਰੋਕਣ ਲਈ ਜਿਸ ਆਸ ਦੀ ਕਿਰਨ ਦੀ ਉਡੀਕ ਪੂਰੀ ਦੁਨੀਆ ਕਰ ਰਹੀ ਹੈ ਉਹ ਆਸ ਵੀ ਇਸ ਨਾਲ ਬੱਝੀ ਹੈ।

ਮੁੱਢਲੀਆਂ ਲੱਭਤਾਂ ਅਨੁਸਾਰ ਇਸ ਵੈਕਸੀਨ ਦੀਆਂ ਪਹਿਲੀਆਂ ਦੋ ਡੋਜ਼ ਹਾਸਲ ਕਰ ਚੁੱਕੇ ਅੱਠ ਵਿਅਕਤੀਆਂ ਵਿੱਚ ਇਸ ਦੇ ਸਕਾਰਾਤਮਕ ਨਤੀਜੇ ਵੇਖਣ ਨੂੰ ਮਿਲੇ ਹਨ। ਹੁਣ ਇਹ ਦਵਾਈ ਸੈਂਕੜੇ ਤੇ ਫਿਰ ਹਜ਼ਾਰਾਂ ਲੋਕਾਂ ਉੱਤੇ ਪਰਖੀ ਜਾਵੇਗੀ ਤਾਂ ਕਿ ਪਤਾ ਲਾਇਆ ਜਾ ਸਕੇ ਕਿ ਇਹ ਕਾਰਗਰ ਹੈ ਜਾਂ ਨਹੀਂ। ਮੌਡਰਨਾ ਦੀ ਤਕਨਾਲੋਜੀ ਮੁਕਾਬਲਤਨ ਨਵੀਂ ਹੈ ਤੇ ਇਸ ਰਾਹੀਂ ਤਿਆਰ ਕੀਤੀ ਕਿਸੇ ਵੀ ਵੈਕਸੀਨ ਲਈ ਅਜੇ ਮਨਜ਼ੂਰੀ ਮਿਲਣੀ ਬਾਕੀ ਹੈ।

ਇਸ ਮਹਾਂਮਾਰੀ ਕਾਰਨ ਦੁਨੀਆ ਭਰ ਵਿੱਚ ਬਿਮਾਰ ਪਏ ਪੰਜ ਮਿਲੀਅਨ ਲੋਕਾਂ ਤੇ ਮਾਰੇ ਗਏ 315,000 ਲੋਕਾਂ, ਦੇਸ਼ਾਂ ਨੂੰ ਲਾਕਡਾਊਨ ਵਿੱਚ ਰੱਖਣ ਲਈ ਮਜਬੂਰ ਕਰਨ ਤੇ ਅਰਥਚਾਰਿਆਂ ਨੂੰ ਤਹਿਸ ਨਹਿਸ ਕਰਨ ਵਾਲੀ ਇਸ ਮਹਾਂਮਾਰੀ ਤੋਂ ਛੁਟਕਾਰਾ ਪਾਉਣ ਲਈ ਵੈਕਸੀਨਜ਼ ਨੂੰ ਹੀ ਬਿਹਤਰ ਜਾਂ ਇੱਕਮਾਤਰ ਆਸ ਦੀ ਕਿਰਨ ਮੰਨਿਆ ਜਾ ਰਿਹਾ ਹੈ। ਦਰਜਨਾਂ ਭਰ ਕੰਪਨੀਆਂ ਤੇ ਯੂਨੀਵਰਸਿਟੀਜ਼ ਕਰੋਨਾਵਾਇਰਸ ਵੈਕਸੀਨ ਤਿਆਰ ਕਰਨ ਵਿੱਚ ਰੁੱਝੀਆਂ ਹੋਈਆਂ ਹਨ। ਕਈ ਕੰਪਨੀਆਂ ਵੱਲੋਂ ਵੈਕਸੀਨ ਦੇ ਮਨੁੱਖੀ ਟਰਾਇਲ ਵੀ ਸ਼ੁਰੂ ਕਰ ਦਿੱਤੇ ਗਏ ਹਨ। ਇਨ੍ਹਾਂ ਵਿੱਚ ਫਾਇਜ਼ਰ ਤੇ ਉਸ ਦੀ ਜਰਮਨ ਭਾਈਵਾਲ ਬਾਇਓਨਟੈਕ, ਚੀਨੀ ਕੰਪਨੀ ਕੈਨਸੀਨੋ ਤੇ ਯੂਨੀਵਰਸਿਟੀ ਆਫ ਆਕਸਫੋਰਡ, ਜੋ ਕਿ ਐਸਟਰਾਜ਼ੈਨੇਕਾ ਨਾਲ ਰਲ ਕੇ ਕੰਮ ਕਰ ਰਹੀ ਹੈ, ਸ਼ਾਮਲ ਹਨ।

ਇਸ ਦੌਰਾਟ ਮੌਡਰਨਾ ਨੇ ਆਖਿਆ ਕਿ ਉਹ ਜਲਦ ਹੀ 600 ਲੋਕਾਂ ਉੱਤੇ ਆਪਣੀ ਵੈਕਸੀਨ ਦਾ ਟਰਾਇਲ ਸ਼ੁਰੂ ਕਰਨ ਜਾ ਰਹੀ ਹੈ। ਇਸ ਤੋਂ ਬਾਅਦ ਜੁਲਾਈ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਿਹਤਮੰਦ ਲੋਕਾਂ ਉੱਤੇ ਇਸ ਦਾ ਟਰਾਇਲ ਕੀਤਾ ਜਾਵੇਗਾ। ਦੂਜੇ ਪੜਾਅ ਲਈ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਨੇ ਮੌਡਰਨਾ ਨੂੰ ਹਰੀ ਝੰਡੀ ਦਿੱਤੀ ਹੈ।

## ਕੈਂਪੇਨ ਲਈ ਪਾਰਲੀਮਾਨੀ ਸਰੋਤਾਂ ਦੀ ਵਰਤੋਂ ਕਰਨ ਲਈ ਲਿਬਰਲ ਐਮਪੀ ਨੇ ਓਟੂਲੇ ਖਿਲਾਫ ਕੀਤੀ ਸ਼ਿਕਾਇਤ



ਓਟਵਾ, 18 ਮਈ (ਪੋਸਟ ਬਿਊਰੋ) : ਇੱਕ ਲਿਬਰਲ ਐਮਪੀ ਵੱਲੋਂ ਇਹ ਮੰਗ ਕੀਤੀ ਗਈ ਹੈ ਕਿ ਕੰਜ਼ਰਵੇਟਿਵ ਲੀਡਰਸ਼ਿਪ ਉਮੀਦਵਾਰ ਐਰਿਨ ਓਟੂਲੇ ਵੱਲੋਂ ਆਪਣੀ ਕੈਂਪੇਨ ਲਈ ਟੈਕਸਦਾਤਾਵਾਂ ਵੱਲੋਂ ਦਿੱਤੇ ਫੰਡਾਂ ਦੀ ਵਰਤੋਂ ਕੀਤੀ ਗਈ, ਇਸ ਦਾ ਪਤਾ ਲਾਉਣ ਲਈ ਮਾਮਲੇ ਦੀ ਜਾਂਚ ਕਰਵਾਈ ਜਾਵੇ।

ਰੌਬਰਟ ਮੌਰੀਸੇ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਓਟੂਲੇ ਦੇ ਪਰਸਨਲ ਪਾਰਲੀਆਮੈਂਟ ਹਿੱਲ ਈਮੇਲ ਐਡਰੈੱਸ ਤੋਂ ਇੱਕ ਈਮੇਲ ਹਾਸਲ ਹੋਈ ਹੈ, ਜਿਸ ਵਿੱਚ ਉਨ੍ਹਾਂ ਨੂੰ ਸਮਰਥਨ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ ਹੈ। ਪਰ ਹੋਇਆ ਇਹ ਕਿ ਇਹ ਮੌਰੀਸੇ ਨਹੀਂ ਸਗੋਂ ਕੰਜ਼ਰਵੇਟਿਵ ਐਮਪੀ ਰੌਬ ਮੌਰੀਸਨ ਸਨ ਜਿਨ੍ਹਾਂ ਨੇ ਜਨਤਕ ਤੌਰ ਉੱਤੇ ਓਟੂਲੇ ਦਾ ਸਮਰਥਨ ਕੀਤਾ ਸੀ।

ਇਸ ਈਮੇਲ ਵਿੱਚ ਕਥਿਤ ਤੌਰ ਉੱਤੇ ਓਟੂਲੇ ਨੇ ਆਪਣੀ ਈਮੇਲ ਐਕਾਊਂਟ ਦੀ ਵਰਤੋਂ ਕਰਕੇ ਆਪਣੀ ਕੈਂਪੇਨ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਆਪਣੇ ਹਿੱਲ ਤੇ ਕੈਂਪੇਨ ਸਟਾਫ ਨੂੰ ਇਸ ਉੱਤੇ ਕੰਮ ਕਰਨ ਲਈ ਆਖ ਕੇ ਨਿਯਮਾਂ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਆਖਿਆ ਕਿ ਉਹ ਬੋਰਡ ਤੋਂ ਗੁਜ਼ਾਰਿਸ਼ ਕਰਦੇ ਹਨ ਕਿ ਇਸ ਮਾਮਲੇ ਦੀ ਜਾਂਚ ਕਰਵਾਈ ਜਾਵੇ। ਉਨ੍ਹਾਂ ਆਖਿਆ ਕਿ ਇਸ ਈਮੇਲ ਰਾਹੀਂ ਓਟੂਲੇ ਦੇ ਕੈਂਪੇਨਿੰਗ ਸਬੰਧੀ ਰੁਝਾਨ ਦਾ ਖੁਲਾਸਾ ਹੁੰਦਾ ਹੈ।

ਇਸ ਹਫਤੇ ਦੇ ਸ਼ੁਰੂ ਵਿੱਚ ਸੈਨੇਟਰ ਲੀਓ ਹਾਉਸਾਕੋਸ ਖਿਲਾਫ ਵੀ ਸ਼ਿਕਾਇਤ ਦਰਜ ਕਰਵਾਈ ਗਈ ਸੀ ਤੇ ਇਹ ਦੋਸ਼ ਲਾਇਆ ਗਿਆ ਸੀ ਕਿ ਉਨ੍ਹਾਂ ਆਪਣੇ ਪਾਰਲੀਆਮੈਂਟਰੀ ਐਕਾਊਂਟ ਦੀ ਵਰਤੋਂ ਓਟੂਲੇ ਦੀ ਕੈਂਪੇਨ ਦੇ ਪ੍ਰਚਾਰ ਲਈ ਕੀਤੀ ਸੀ।

Best Insurance Rates
Auto ▪ Home ▪ Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

You can Place Your Business Here (905)793-2202
To Reach Wider Audience

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

DHINDSA LAW
Barrister, Solicitor & Notary Public
www.dhindsalaw.ca
- Criminal and Family Law
- Immigration
- Real Estate
- Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood)
Call: 437 998 1429
330 Highway 7 E, Suite 309, Richmond Hill- L4B 3P8

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
LIGHT SPEED Logistics Inc.
OUR FAMILY WELCOMES YOU
U.S. Singles - Dedicated Truck
Desirable Lanes to the U.S.
U.S. Teams - New Dedicated Truck
Canadian Teams - New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


afc
ASIAN FOOD CENTRE
FRESH & LARGE VARIETY
Bread , Derry & Eggs
Fruits & Vegetables
Sweet & Samosas
Branded Foods
Beverages & Confectionery
Grocery & Staples
VEGETARIAN FOOD
HEALTHY EATING
SERVING FROM 10 LOCATIONS IN ALL THE GTA AREA:
10 Westmore Drive
Etobicoke ON M9V-3Z7
416-740-3262
2120 North park Drive
Brampton ON L6S 0C9
905-793-1338
10510 Torbram Road,
Brampton
905-790-0030
308 Eddystone Ave
North York ON M3N-1H7
416-740-3360
621 Wanless drive, # 122
Brampton ON L7A 0A9
905-495-3336
284 Orenda Road #13
Brampton ON L6T 5S3
905-450-9167
10 Pannahill Dr,
Brampton
905 913-8017
80 Pertosa Drive
Brampton ON L5X-5E9
905-460-0009
1075 Ceremonial Drive
Mississauga ON L5R 2Z4
905-502-1600
21 Lacoste Blvd,
Brampton, ON L6P 2K2
905 794-8109

## ਅੱਜ ਨਾਮਾ >>

ਫਸ ਗਏ ਸਨ ਵਿਦੇਸ਼ ਵਿੱਚ ਲੋਕ ਜਿੰਨੇ,
ਵਾਰੀ ਲੱਗੀ ਤਾਂ ਲੱਗੇ ਆ ਆਉਣ ਬੇਲੀ।
ਚੜ੍ਹਦੇ ਵਕਤ ਜਹਾਜ਼ਾਂ ’ਤੇ ਲੈਣ ਸੈਲਫੀ,
ਕਾਫੀ ਚਾਅ ਦੇ ਵਿੱਚ ਮੁਸਕ੍ਰਾਉਣ ਬੇਲੀ।
ਜਦੋਂ ਨਿਕਲ ਜਹਾਜ਼ਾਂ ’ਚੋਂ ਬਾਹਰ ਆਏ,
ਓਦੋਂ ਤੱਕ ਵੀ ਲੱਗੇ ਰਹੇ ਗਾਉਣ ਬੇਲੀ।
ਅੱਗੇ ਸਮਝ ਨਹੀਂ ਆਵੇ ਕਿ ਹੋਊਗਾ ਕੀ,
ਅਫਸਰ ਵੇਖਣ ਤੇ ਮੂੰਹ ਭੰਵਾਉਣ ਬੇਲੀ।
ਵਤਨ ਵਾਪਸੀ ਦਾ ਜਿਹੜਾ ਚਾਅ ਸੀ ਗਾ,
ਝਟਕਾ ਲੱਗਾ ਤਾਂ ਗਿਆ ਫਿਰ ਲੱਥ ਬੇਲੀ।
ਜਿਹੜੀ ਬੀਤੀ ਫਿਰ ਉਨ੍ਹਾਂ ਦੇ ਨਾਲ ਏਥੇ,
ਗਿਣਨੇ ਮੁਸ਼ਕਲ ਆ ਓਸ ਦੇ ਤੱਥ ਬੇਲੀ।

**ਤੀਸ ਮਾਰ ਖਾਂ**

# ਓਨਟਾਰੀਓ ਹਾਈ ਸਕੂਲ ਅਧਿਆਪਕਾਂ ਨੇ ਫੋਰਡ ਸਰਕਾਰ ਨਾਲ ਡੀਲ ਸਿਰੇ ਚੜ੍ਹਾਈ




ਓਨਟਾਰੀਓ, 18 ਮਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਹਾਈ ਸਕੂਲ ਟੀਚਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਪ੍ਰੋਵਿੰਸ਼ੀਅਲ ਸਰਕਾਰ ਨਾਲ ਨਵੀਂ ਡੀਲ ਦੀ ਪੁਸ਼ਟੀ ਕੀਤੀ ਗਈ ਹੈ।

ਅਧਿਆਪਕਾਂ ਤੇ ਸਪੋਰਟ ਸਟਾਫ, ਜਿਸ ਦੀ ਨੁਮਾਇੰਦਗੀ ਵੀ ਓਨਟਾਰੀਓ ਸੈਕੰਡਰੀ ਟੀਚਰਜ਼ ਫੈਡਰੇਸ਼ਨ ਵੱਲੋਂ ਕੀਤੀ ਜਾਂਦੀ ਹੈ, ਵੱਲੋਂ ਵੀ ਇਸ ਸਮਝੌਤੇ ਨੂੰ ਸਵੀਕਾਰ ਕਰ ਲਿਆ ਗਿਆ ਹੈ। ਇਸ ਸਮਝੌਤੇ ਨੂੰ ਸਿਰੇ ਚੜ੍ਹਨ ਵਿੱਚ ਛੇ ਮਹੀਨਿਆਂ ਤੋਂ ਵੀ ਵੱਧ ਦਾ ਸਮਾਂ ਲੱਗਿਆ ਤੇ ਇਸ ਦੌਰਾਨ ਗੱਲਬਾਤ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਵਿੱਚੋਂ ਲੰਘੀ।

ਅਧਿਆਪਕਾਂ ਨੇ ਕਈ ਹਫਤਿਆਂ ਤੱਕ ਸਿਲਸਿਲੇਵਾਰ ਹੜਤਾਲਾਂ ਕੀਤੀਆਂ ਪਰ ਆਖਿਰਕਾਰ ਕੋਵਿਡ-19 ਮਹਾਂਮਾਰੀ ਕਾਰਨ ਉਨ੍ਹਾਂ ਨੂੰ ਆਖਿਰਕਾਰ ਇਨ੍ਹਾਂ ਗਤੀਵਿਧੀਆਂ ਉੱਤੇ ਰੋਕ ਲਾਉਣੀ ਪਈ। ਓਐਸਐਸਟੀਐਫ ਦੇ ਪ੍ਰੈਜ਼ੀਡੈਂਟ ਹਾਰਵੇ ਬਿਸ਼ੌਫ ਨੇ ਆਖਿਆ ਕਿ ਭਾਵੇਂ ਇਹ ਡੀਲ ਸਹੀ ਨਹੀਂ ਹੈ ਪਰ ਇਸ ਨਾਲ ਉਹ ਸਥਿਰਤਾ ਮਿਲੇਗੀ ਜਿਹੜੀ ਅਜੋਕੇ ਔਕੜਾਂ ਭਰੇ ਸਮਿਆਂ ਵਿੱਚ ਲੋੜੀਂਦੀ ਹੈ।

# ਮਾਰਖਮ ਦੇ ਘਰ ਵਿੱਚ ਲੱਗੀ ਅੱਗ ਤੋਂ ਬਾਅਦ ਲਾਪਤਾ 12 ਸਾਲਾ ਬੱਚੇ ਦੀ ਭਾਲ ਕਰ ਰਿਹਾ ਹੈ ਫਾਇਰ ਅਮਲਾ

ਮਾਰਖਮ, 18 ਮਈ (ਪੋਸਟ ਬਿਊਰੋ) : ਮਾਰਖਮ ਦੇ ਘਰ ਵਿੱਚ ਹੋਏ ਧਮਾਕੇ ਤੋਂ ਬਾਅਦ ਅੱਗ ਲੱਗਣ ਮਗਰੋਂ ਤਿੰਨ ਪਰਿਵਾਰਕ ਮੈਂਬਰ ਜ਼ਖ਼ਮੀ ਹੋ ਗਏ ਪਰ ਇੱਕ 12 ਸਾਲਾ ਲੜਕੇ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਇਹ ਜਾਣਕਾਰੀ ਯੌਰਕ ਰੀਜਨਲ ਪੁਲਿਸ ਨੇ ਦਿੱਤੀ। ਐਤਵਾਰ ਸਵੇਰੇ ਲੋਕਾਂ ਨੇ ਬਰ ਓਕ ਐਵਨਿਊ ਸਥਿਤ ਘਰ ਵਿੱਚ ਜ਼ੋਰਦਾਰ ਧਮਾਕਾ ਸੁਣਿਆ, ਜਿੱਥੇ ਬਾਅਦ ਵਿੱਚ ਅੱਗ ਵੀ ਲੱਗੀ ਵੇਖੀ ਗਈ। ਇਸ ਤੋਂ ਬਾਅਦ ਛੇ ਸਾਲਾ ਜ਼ੀਰ ਹਾਮਿਦ, 14 ਸਾਲਾ ਅਹਿਮਦ ਹਾਮਿਦ ਤੇ ਉਨ੍ਹਾਂ ਦੀ 41 ਸਾਲਾ ਮਾਂ ਸ਼ੀਆ ਹਾਮਿਦ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ



ਭੇਜਿਆ ਗਿਆ। ਛੇ ਸਾਲਾ ਬੱਚੇ ਨੂੰ ਪਹਿਲਾਂ ਪੁਲਿਸ ਵੱਲੋਂ ਲੜਕੀ ਦੱਸਿਆ ਗਿਆ ਸੀ ਜਦਕਿ ਉਹ ਵੀ ਲੜਕਾ ਹੀ ਸੀ। ਪੁਲਿਸ ਨੇ ਦੱਸਿਆ ਕਿ ਇਸ ਘਰ ਵਿੱਚ ਪੰਜ ਲੋਕਾਂ ਦਾ ਪਰਿਵਾਰ ਰਹਿੰਦਾ ਸੀ, ਅੱਗ ਲੱਗਣ ਸਮੇਂ ਬੱਚਿਆਂ ਦਾ ਪਿਤਾ ਘਰ ਤੋਂ ਬਾਹਰ ਸੀ। ਪਰਿਵਾਰ ਦਾ ਤੀਜਾ ਬੱਚਾ 12 ਸਾਲਾ ਆਰਾਨ ਹਾਮਿਦ ਅਜੇ ਵੀ ਲਾਪਤਾ ਹੈ। ਫਾਇਰ ਮਾਰਸ਼ਲ ਦੇ ਆਫਿਸ ਵੱਲੋਂ ਕੀਤੀ ਜਾ ਰਹੀ ਜਾਂਚ ਦੇ ਸੁਪਰਵਾਈਜ਼ਰ ਜ਼ੈਫ ਟੈਬੀ ਨੇ ਆਖਿਆ ਕਿ ਇਸ ਸਮੇਂ ਲਾਪਤਾ ਬੱਚੇ ਦੀ ਭਾਲ ਕਰਨਾ ਸਾਡੀ ਮੁੱਖ ਤਰਜੀਹ ਹੈ। ਟੈਬੀ ਨੇ ਆਖਿਆ ਕਿ ਧਮਾਕਾ ਜ਼ਰੂਰ ਹੋਇਆ ਪਰ ਇਹ ਕਿਸ ਤਰ੍ਹਾਂ ਹੋਇਆ ਇਸ ਬਾਰੇ ਉਨ੍ਹਾਂ ਵੱਲੋਂ ਕੋਈ ਵੇਰਵੇ ਜਾਰੀ ਨਹੀਂ ਕੀਤੇ ਗਏ।

ਫਾਇਰ ਅਮਲੇ ਵੱਲੋਂ ਬੇਸਮੈਂਟ ਵਿੱਚ ਲਾਪਤਾ ਬੱਚੇ ਦੀ ਭਾਲ ਕਰਨ ਦਾ ਫੈਸਲਾ ਕੀਤਾ ਗਿਆ ਤੇ ਉਨ੍ਹਾਂ ਨੂੰ ਆਸ ਵੀ ਸੀ ਕਿ ਉਸ ਦੀ ਲਾਸ਼ ਉੱਥੇ ਮਿਲ ਸਕਦੀ ਹੈ। ਉਨ੍ਹਾਂ ਨੂੰ ਉਸ ਦੇ ਜਿਊਂਦੇ ਮਿਲਣ ਦੀ ਕੋਈ ਆਸ ਨਹੀਂ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਫਰਾਂਸ ਵਿੱਚ ਸਕੂਲ ਖੁੱਲ੍ਹਣ ਤੋਂ ਬਾਅਦ ਕੋਵਿਡ-19 ਦੇ 70 ਮਾਮਲੇ ਆਏ ਸਾਹਮਣੇ

ਪੈਰਿਸ, 18 ਮਈ (ਪੋਸਟ ਬਿਊਰੋ) : ਕਰੋਨਾਵਾਇਰਸ ਲਾਕਡਾਊਨ ਵਿੱਚ ਢਿੱਲ ਦਿੱਤੇ ਜਾਣ ਤੋਂ ਇੱਕ ਹਫਤੇ ਬਾਅਦ ਫਰਾਂਸ ਵਿੱਚ ਬੱਚਿਆਂ ਦੇ ਸਕੂਲ ਜਾਣਾ ਸ਼ੁਰੂ ਕਰਨ ਮਗਰੋਂ ਕੋਵਿਡ-19 ਦੇ 70 ਮਾਮਲੇ ਸਾਹਮਣੇ ਆਉਣ ਨਾਲ ਮਾਪਿਆਂ ਦੀ ਤੇ ਸਰਕਾਰ ਦੀ ਚਿੰਤਾ ਵੱਧ ਗਈ ਹੈ। ਇਹ ਖੁਲਾਸਾ ਸੋਮਵਾਰ ਨੂੰ ਸਰਕਾਰ ਵੱਲੋਂ ਕੀਤਾ ਗਿਆ।



ਪਿਛਲੇ ਹਫਤੇ ਕੁੱਝ ਨਿੱਕੇ ਬੱਚਿਆਂ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਸਨ ਤੇ ਫਿਰ ਸੋਮਵਾਰ ਨੂੰ 150,000 ਜੂਨੀਅਰ ਹਾਈ ਵਿਦਿਆਰਥੀਆਂ ਨੂੰ ਸਕੂਲ ਭੇਜਿਆ ਗਿਆ। ਸ਼ੁਰੂਆਤ ਵਿੱਚ ਤਾਂ ਇਸ ਨੂੰ ਇੱਕ ਰਾਹਤ ਭਰਿਆ ਕਦਮ ਮੰਨਿਆ ਜਾ ਰਿਹਾ ਸੀ। ਸੈਂਕੜੇ ਫਰੈਂਚ ਮਾਪਿਆਂ ਨੇ ਬੱਚਿਆਂ ਦੇ ਸਕੂਲ ਮੁੜ ਖੁੱਲ੍ਹਣ ਉੱਤੇ ਰਾਹਤ ਦੀ ਸਾਹ ਲਈ ਸੀ। ਪਰ ਫਰੈਂਚ ਸਿੱਖਿਆ ਮੰਤਰੀ ਜੀਨ ਮਾਈਕਲ ਬਲੈਂਕਰ ਨੇ ਸੋਮਵਾਰ ਨੂੰ ਚੇਤਾਵਨੀ ਦਿੱਤੀ ਕਿ ਬੱਚਿਆਂ ਦੇ ਸਕੂਲ ਮੁੜ ਖੁੱਲ੍ਹਣ ਨਾਲ ਉਨ੍ਹਾਂ ਨੂੰ ਇਸ ਸੰਕ੍ਰਮਣ ਦਾ ਖਤਰਾ ਹੋਰ ਵਧ ਗਿਆ ਹੈ। ਉਨ੍ਹਾਂ ਆਖਿਆ ਕਿ ਪ੍ਰਭਾਵਿਤ ਸਕੂਲਾਂ ਨੂੰ ਫੌਰੀ ਬੰਦ ਕੀਤਾ ਜਾਣਾ ਚਾਹੀਦਾ ਹੈ। ਫਰੈਂਚ ਮੀਡੀਆ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉੱਤਰੀ ਫਰਾਂਸ ਵਿੱਚ ਸੱਤ ਸਕੂਲ ਮੁੜ ਬੰਦ ਕਰ ਦਿੱਤੇ ਗਏ ਹਨ।

ਬਲੈਂਕਰ ਵੱਲੋਂ ਇਹ ਨਹੀਂ ਦੱਸਿਆ ਗਿਆ ਕਿ ਕੋਵਿਡ-19 ਦੇ 70 ਮਾਮਲੇ ਵਿਦਿਆਰਥੀਆਂ ਨਾਲ ਜੁੜੇ ਹਨ ਜਾਂ ਅਧਿਆਪਕਾਂ ਨਾਲ। ਜ਼ਿਕਰਯੋਗ ਹੈ ਕਿ ਫਰਾਂਸ ਨੇ ਪਿਛਲੇ ਹਫਤੇ 40,000 ਪ੍ਰੀ ਸਕੂਲਜ਼ ਤੇ ਪ੍ਰਾਇਮਰੀ ਸਕੂਲਜ਼ ਸ਼ੁਰੂ ਕੀਤੇ ਸਨ ਤੇ ਹਰੇਕ ਕਲਾਸ ਵਿੱਚ 15 ਵਿਦਿਆਰਥੀਆਂ ਨੂੰ ਹਾਜ਼ਰ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ।

# ਮਜ਼ਦੂਰਾਂ ਨੂੰ ਗ਼ੈਰ-ਕਾਨੂੰਨੀ ਘਰ ਭੇਜਣ ਬਹਾਨੇ ਟ੍ਰਾਂਸਪੋਰਟਰ ਮੋਟੀ ਰਕਮ ਵਸੂਲਣ ਲੱਗੇ

ਲੁਧਿਆਣਾ, 18 ਮਈ (ਪੋਸਟ ਬਿਊਰੋ)- ਮਜ਼ਦੂਰਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਉੱਤਰ ਪ੍ਰਦੇਸ਼ ਤੇ ਬਿਹਾਰ ਆਦਿ ਭੇਜਣ ਦੇ ਬਹਾਨੇ ਮੋਟੀ ਰਕਮ ਵਸੂਲ ਕਰ ਕੇ ਬੱਸਾਂ ਤੇ ਟਰੱਕਾਂ ਦੇ ਮਾਲਿਕਾਂ ਵੱਲੋਂ ਲੁਟਿਆ ਜਾ ਰਿਹਾ ਹੈ। ਮਜ਼ਦੂਰਾਂ ਚਿਤਰੰਜਨ ਕੁਮਾਰ, ਮੁਹੰਮਦ ਸ਼ਹਿਜਾਦ, ਰਾਜ ਸਿੰਘ ਰਾਜਪੁਤ, ਅਭਿ ਮਿਸ਼ਰਾ, ਸੋਨੂੰ ਪਾਂਡੇ ਅਤੇ ਹੋਰਨਾਂ ਨੇ ਦੱਸਿਆ ਕਿ ਹਰ ਮਜ਼ਦੂਰ ਤੋਂ ਯੂ ਪੀ, ਬਿਹਾਰ ਆਦਿ ਪਹੁੰਚਾਉਣ ਬਦਲੇ ਵਿੱਚ 4000 ਰੁਪਏ ਵਸੂਲੇ ਗਏ ਹਨ। ਉਨ੍ਹਾਂ ਨੂੰ ਅੱਧੀ ਰਾਤ ਸੂਚਨਾ ਮਿਲੀ ਕਿ ਕੰਗਨਵਾਲ ਦੇ ਕੋਲ ਬੱਸਾਂ ਅਤੇ ਟਰੱਕਾਂ ਵਿੱਚ ਮਜ਼ਦੂਰਾਂ ਨੂੰ ਜਾਨਵਰਾਂ ਦੀ ਤਰ੍ਹਾਂ ਲੱਦ ਕੇ ਪਿੰਡਾਂ ਨੂੰ ਭੇਜਣ ਦੀ ਤਿਆਰੀ ਹੋ ਰਹੀ ਹੈ। ਸੂਚਨਾ ਮਿਲਦੇ ਸਾਰ ਉਹ ਮੌਕੇ 'ਤੇ ਪਹੁੰਚੇ ਤੇ ਉਕਤ ਵਾਹਨ ਘੇਰ ਕੇ ਪੁਲਸ ਨੂੰ ਇਸ ਦੀ ਸੂਚਨਾ ਦਿੱਤੀ, ਜਿਸ ਨੇ ਬੱਸਾਂ ਤੇ ਟਰੱਕ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਡੀ ਸੀ ਪੀ ਸ੍ਰੀ ਚੌਧਰੀ ਨੇ ਭਰੋਸਾ ਦਿੱਤਾ ਸੀ ਕਿ ਮਜ਼ਦੂਰਾਂ ਨੂੰ ਲੁੱਟਣ ਵਾਲੇ ਟ੍ਰਾਂਸਪੋਰਟ ਮਾਲਿਕਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਦੱਸਿਆ ਜਾਂਦਾ ਹੈ ਕਿ ਕੰਗਨਵਾਲ ਪੁਲਸ ਨੇ ਦਰਜਨ ਭਰ ਬੱਸਾਂ ਆਦਿ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਨਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।
FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।
SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਕੋਰੋਨਾ ਦਾ ਕਹਿਰ: ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਮਾਰ ਘਟੀ ਨਹੀਂ, ਦਿੱਲੀ ਵਿੱਚ ਵਧਣ ਲੱਗ ਪਈ



ਨਵੀਂ ਦਿੱਲੀ, 18 ਮਈ, (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੀ ਮਾਰ ਅਜੇ ਘਟਣ ਵਿੱਚ ਨਹੀਂ ਆ ਰਹੀ, ਬੀਤੇ ਐਤਵਾਰ ਦੇ ਪੰਜ ਹਜ਼ਾਰ ਨਵੇਂ ਕੇਸਾਂ ਮੁਕਾਬਲੇ ਅੱਜ ਸੋਮਵਾਰ ਕਰੀਬ ਦੋ ਹਜ਼ਾਰ ਨਵੇਂ ਕੇਸ ਪਤਾ ਲੱਗੇ ਹਨ। ਇਸ ਦੌਰਾਨ ਦਿੱਲੀ ਵਿੱਚ ਕੋਰੋਨਾ ਦੇ ਪਾਜ਼ਿਟਿਵ ਕੇਸਾਂ ਦੀ ਗਿਣਤੀ ਦਸ ਹਜ਼ਾਰ ਟੱਪ ਗਈ ਅਤੇ ਇਹ ਹੱਦ ਟੱਪਣ ਵਾਲਾ ਭਾਰਤ ਦਾ ਚੌਥਾ ਰਾਜ ਬਣ ਗਿਆ ਹੈ। ਸਾਰੇ ਭਾਰਤ ਵਿੱਚ ਕੋਰੋਨਾ ਮਰੀਜ਼ਾਂ ਦੀ ਗਿਣਤੀ ਅੱਜ ਸੋਮਵਾਰ ਨੂੰ ਸਤਾਨਵੇਂ ਹਜ਼ਾਰ ਨੂੰ ਟੱਪ ਗਈ ਅਤੇ ਮੌਤਾਂ ਦੀ ਗਿਣਤੀ ਵੀ ਤਿੰਨ ਹਜ਼ਾਰ ਨੂੰ ਟੱਪ ਕੇ 3029 ਹੋ ਗਈ ਹੈ। ਸੋਮਵਾਰ ਸ਼ਾਮ ਤੱਕ ਦੀ ਜਾਣਕਾਰੀ ਮੁਤਾਬਕ ਭਾਰਤ ਵਿੱਚ ਕੋਰੋਨਾ ਦੇ ਕੁੱਲ ਪਾਜ਼ਿਟਿਵ ਕੇਸਾਂ ਦੀ ਗਿਣਤੀ ਵਧ ਕੇ 97,376 ਹੋ ਗਈ ਹੈ। ਇਸ ਦੌਰਾਨ ਇਸ ਮਹਾਮਾਰੀ ਨਾਲ 3,015 ਲੋਕਾਂ ਦੀ ਮੌਤ ਹੋ ਚੁੱਕੀ ਹੈ। ਰਾਜਧਾਨੀ ਦਿੱਲੀ ਵਿੱਚ ਅੱਜ 299 ਨਵੇਂ ਕੇਸ ਮਿਲਣ ਨਾਲ ਕੁੱਲ ਕੇਸਾਂ ਦੀ ਗਿਣਤੀ ਵਧ ਕੇ 10,054 ਹੋ ਗਈ ਹੈ। ਮਹਾਰਾਸ਼ਟਰ, ਗੁਜਰਾਤ ਤੇ ਤਾਮਿਲ ਨਾਡੂ ਤੋਂ ਬਾਅਦ 10 ਹਜ਼ਾਰ ਤੋਂ ਵੱਧ ਕੇਸਾਂ ਵਾਲਾ ਦਿੱਲੀ ਚੌਥਾ ਰਾਜ ਬਣ ਗਿਆ ਹੈ। ਮਹਾਰਾਸ਼ਟਰ ਤੇ ਗੁਜਰਾਤ ਵਿੱਚ ਹਾਲਾਤ ਸੁਧਰ ਨਹੀਂ ਰਹੇ ਅਤੇ ਮੱਧ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਰਾਜਾਂ ਵਿੱਚ ਵੀ ਕੋਰੋਨਾ ਦੀ ਬਿਮਾਰੀ ਦੇ ਪੱਖ ਤੋਂ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ। ਵੱਖ-ਵੱਖ ਸਰੋਤਾਂ ਤੋਂ ਮਿਲੀ ਸੂਚਨਾ ਅਨੁਸਾਰ ਮਹਾਰਾਸ਼ਟਰ ਵਿੱਚ ਅੱਜ ਤਕ 1198 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦ ਕਿ ਗੁਜਰਾਤ ਵਿੱਚ 659 ਅਤੇ ਮੱਧ ਪ੍ਰਦੇਸ਼ ਵਿੱਚ 248 ਮੌਤਾਂ ਹੋਈਆਂ ਹਨ। ਇਨ੍ਹਾਂ ਤੋਂ ਬਿਨਾ ਪੱਛਮੀ ਬੰਗਾਲ ਵਿੱਚ ਅੱਜ ਤੱਕ 238, ਦਿੱਲੀ ਵਿੱਚ 160, ਰਾਜਸਥਾਨ ਵਿੱਚ 131, ਉੱਤਰ ਪ੍ਰਦੇਸ਼ ਵਿੱਚ 104 ਤੇ ਤਾਮਿਲ ਨਾਡੂ ਵਿੱਚ 78 ਮੌਤਾਂ ਹੋ ਚੁੱਕੀਆਂ ਹਨ। ਕੋਰੋਨਾ ਦੀ ਮਾਰ ਤਾਮਿਲ ਨਾਡੂ ਵਿੱਚ ਫਿਰ ਵਧਣ ਲੱਗ ਪਈ ਹੈ।

# ਪੰਜਾਬ ਵਿੱਚ ਕੋਰੋਨਾ ਵਾਇਰਸ ਦੀ ਮਾਰ ਘਟੀ, ਇੱਕੋ ਦਿਨ 181 ਲੋਕ ਠੀਕ ਹੋਏ

## * ਤਿੰਨ ਲੋਕਾਂ ਦੀ ਰਿਪੋਰਟ ਮੌਤ ਪਿੱਛੋਂ ਪਾਜ਼ਿਟਿਵ ਨਿਕਲੀ




ਚੰਡੀਗੜ੍ਹ, 18 ਮਈ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਾਰਨ ਪੰਜਾਬ ਵਿਚ ਅੱਜ ਸੋਮਵਾਰ ਤਿੰਨ ਹੋਰ ਲੋਕਾਂ ਦੀ ਮੌਤ ਹੋਈ ਪਤਾ ਲੱਗੀ ਹੈ। ਸਿਵਲ ਹਸਪਤਾਲ ਜਲੰਧਰ ਵਿਚ ਹੁਸ਼ਿਆਰਪੁਰ ਅਤੇ ਕਪੂਰਥਲਾ ਦੇ ਦੋ ਮਰੀਜ਼ਾਂ ਦੀ ਰਿਪੋਰਟ ਉਨ੍ਹਾਂ ਦੋਵਾਂ ਦੀ ਮੌਤ ਤੋਂ ਬਾਅਦ ਪਾਜ਼ੇਟਿਵ ਆਈ ਦੱਸੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਹੁਸ਼ਿਆਰਪੁਰ ਦੇ ਟਾਂਡਾ ਦਾ 35 ਸਾਲਾ ਨੌਜਵਾਨ ਕਿਡਨੀ ਰੋਗ ਨਾਲ ਪੀੜਤ ਸੀ। ਉਸ ਨੂੰ ਇੱਕ ਦਿਨ ਪਹਿਲਾਂ ਸਿਵਲ ਹਸਪਤਾਲ ਜਲੰਧਰ ਵਿਚ ਲਿਆਂਦਾ ਸੀ, ਜਿੱਥੇ ਉਸ ਦੀ ਮੌਤ ਹੋ ਗਈ। ਦੂਸਰੇ ਪਾਸੇ ਅੱਜ ਕਪੂਰਥਲਾ ਵਿਚ ਇੱਕ 50 ਸਾਲਾ ਵਿਅਕਤੀ ਦੀ ਮੌਤ ਹੋ ਗਈ। ਓਧਰ ਪਠਾਨਕੋਟ ਵਿੱਚ ਇੱਕ 35 ਸਾਲਾ ਨੌਜਵਾਨ ਦੀ ਕੋਰੋਨਾ ਵਾਇਰਸ ਨਾਲ ਅੰਮ੍ਰਿਤਸਰ ਵਿਚ ਮੌਤ ਹੋ ਗਈ, ਜਿੱਥੇ ਉਹ ਕਈ ਦਿਨਾਂ ਤੋਂ ਹਸਪਤਾਲ ਦਾਖਲ ਸੀ। ਇਸ ਨਾਲ ਪੰਜਾਬ ਵਿਚ ਕੋਰੋਨਾ ਨਾਲ ਮੌਤਾਂ ਦੀ ਗਿਣਤੀ 39 ਹੋ ਗਈ ਹੈ। ਅੱਜ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ 181 ਮਰੀਜ਼ਾਂ ਦੇ ਕੋਰੋਨਾ ਵਾਇਰਸ ਤੋਂ ਠੀਕ ਹੋਣ ਪਿੱਛੋਂ ਡਿਸਚਾਰਜ ਕੀਤੇ ਜਾਣ ਦੀਆਂ ਵੀ ਖਬਰਾਂ ਹਨ।

ਸੋਮਵਾਰ ਸ਼ਾਮ ਤੱਕ ਦੀ ਰਿਪੋਰਟ ਅਨੁਸਾਰ ਜ਼ਿਲਾ ਅੰਮ੍ਰਿਤਸਰ ਵਿੱਚ 305 ਕੇਸ ਪਤਾ ਲੱਗੇ ਤੇ 4 ਲੋਕਾਂ ਦੀ ਮੌਤ ਹੋ ਚੁੱਕੀ ਹੈ। ਜ਼ਿਲਾ ਜਲੰਧਰ ਵਿੱਚ ਅੱਜ ਤੱਕ ਕੁੱਲ 214 ਕੇਸ ਤੇ 6 ਮੌਤਾਂ, ਜ਼ਿਲਾ ਲੁਧਿਆਣਾ ਵਿੱਚ 180 ਕੇਸ 7 ਮੌਤਾਂ, ਗੁਰਦਾਸਪੁਰ ਵਿੱਚ 135 ਕੇਸ 3 ਮੌਤਾਂ, ਨਵਾਂਸ਼ਹਿਰ ਵਿੱਚ 110 ਕੇਸ 1 ਮੌਤ, ਪਟਿਆਲਾ 107 ਕੇਸ 2 ਮੌਤਾਂ, ਮੋਹਾਲੀ ਵਿੱਚ 105 ਕੇਸ 3 ਮੌਤਾਂ, ਹੁਸ਼ਿਆਰਪੁਰ ਵਿੱਚ 96 ਕੇਸ 5 ਮੌਤਾਂ, ਰੂਪਨਗਰ ਵਿੱਚ 60 ਕੇਸ 1 ਮੌਤ, ਫਿਰੋਜ਼ਪੁਰ ਵਿੱਚ 44 ਕੇਸ 1 ਮੌਤ, ਕਪੂਰਥਲਾ 33 ਕੇਸ 3 ਮੌਤਾਂ, ਪਠਾਨਕੋਟ 29 ਕੇਸ 2 ਮੌਤਾਂ, ਬਰਨਾਲਾ ਵਿੱਚ 21 ਕੇਸ ਤੇ 1 ਮੌਤ ਹੋ ਚੁੱਕੀ ਹੈ। ਇਸ ਤੋਂ ਬਿਨਾ ਤਰਨ ਤਾਰਨ ਵਿੱਚ 163 ਕੇਸ, ਸੰਗਰੂਰ 97 ਕੇਸ, ਮੁਕਤਸਰ ਵਿੱਚ 66 ਕੇਸ, ਫਰੀਦਕੋਟ ਦੇ 62 ਕੇਸ, ਮੋਗਾ ਵਿੱਚ 60 ਕੇਸ, ਫ਼ਤਹਿਗੜ੍ਹ ਸਾਹਿਬ 56 ਕੇਸ, ਫਾਜ਼ਿਲਕਾ 44 ਕੇਸ, ਮਾਨਸਾ 43 ਕੇਸ, ਬਠਿੰਡਾ 42 ਕੇਸ ਹੋਏ ਹਨ, ਪਰ ਇਨ੍ਹਾਂ ਵਿੱਚੋਂ ਬਹੁਤੇ ਜ਼ਿਲਿਆਂ ਵਿੱਚ ਸਾਰੇ ਕੇਸ ਠੀਕ ਹੋਣ ਦੇ ਬਾਅਦ ਘਰੀ ਚਲੇ ਜਾਣ ਕਾਰਨ ਉਹ ਜ਼ਿਲੇ ਕੋਰੋਨਾ ਫਰੀ ਹੋ ਚੁੱਕੇ ਹਨ, ਇਹ ਕੇਸ ਪਹਿਲੇ ਹਨ।

# ਪ੍ਰਸਿੱਧ ਧਾਰਮਿਕ ਅਸਥਾਨ ਵਿੱਚ ਦੋ ਔਰਤਾਂ ਨਾਲ ਬਲਾਤਕਾਰ, ਦੋ ਮਹੰਤ ਗ੍ਰਿਫ਼ਤਾਰ

## * ਸੰਤ ਸਮਾਜ ਨੇ ਕਿਹਾ: ਮੰਦਰ ਦੇ ਮੁਖੀ ਦਾ ਕਾਰਾ ਸ਼ਰਮਨਾਕ



ਅੰਮ੍ਰਿਤਸਰ, 18 ਮਈ, (ਪੋਸਟ ਬਿਊਰੋ)- ਵਿਸ਼ਵ ਪ੍ਰਸਿੱਧ ਸ਼੍ਰੀ ਰਾਮ ਤੀਰਥ ਵਿੱਚ ਦੋ ਔਰਤਾਂ ਨੂੰ ਬੰਦੀ ਬਣਾ ਕੇ ਉਨ੍ਹਾਂ ਦੇ ਨਾਲ ਸਮੂਹਿਕ ਬਲਾਤਕਾਰ ਦੀ ਘਟਨਾ ਸਾਹਮਣੇ ਆਈ ਹੈ। ਇਸ ਵਿੱਚ ਦੋਸ਼ ਲਾਇਆ ਗਿਆ ਹੈ ਕਿ ਇਹ ਔਰਤਾਂ ਪਿਛਲੇ ਕੁਝ ਸਮੇਂ ਤੋਂ ਪਰਿਵਾਰ ਸਮੇਤ ਇਥੇ ਮੰਨਤ ਮੰਗਣ ਆ ਰਹੀਆਂ ਸਨ। ਐਤਵਾਰ ਦੁਪਹਿਰ ਦੋਸ਼ੀਆਂ ਨੇ ਔਰਤਾਂ ਨੂੰ ਮੰਦਰ ਵਿੱਚ ਬੰਦੀ ਬਣਾ ਕੇ ਪਰਿਵਾਰਕ ਮੈਂਬਰਾਂ ਨੂੰ ਧੱਕੇ ਮਾਰ ਕੇ ਭਜਾ ਦਿੱਤਾ। ਲੋਪੋਕੇ ਥਾਣੇ ਦੀ ਪੁਲਿਸ ਨੇ ਮਹੰਤ ਨਛੱਤਰ ਦਾਸ, ਸੂਰਜ ਨਾਥ, ਗਿਰਧਾਰੀ ਲਾਲ ਤੇ ਵਰਿੰਦਰ ਨਾਥ ਦੇ ਖ਼ਿਲਾਫ਼ ਬਲਾਤਕਾਰ ਦਾ ਕੇਸ ਦਰਜ ਕੀਤਾ ਹੈ।

ਇਸ ਸੰਬੰਧ ਵਿੱਚ ਐੱਸ ਪੀ ਅਮਨਦੀਪ ਕੌਰ ਨੇ ਦੱਸਿਆ ਕਿ ਦੋ ਮਹੰਤਾਂ ਗਿਰਧਾਰੀ ਲਾਲ ਅਤੇ ਵਰਿੰਦਰ ਨਾਥ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜ਼ਿਲਾ ਗੁਰਦਾਸਪੁਰ ਨਾਲ ਸੰਬੰਧਤ ਪੀੜਤਾਂ ਨੇ ਇਸ ਘਟਨਾ ਤੋਂ ਬਾਅਦ ਚੰਡੀਗੜ੍ਹ ਵਿਖੇ ਸ਼ਡਿਊਲਡ ਕਾਸਟ ਕਮਿਸ਼ਨ ਕੋਲ ਸ਼ਿਕਾਇਤ ਦਿੱਤੀ ਸੀ, ਜਿਸ ਦੇ ਬਾਅਦ ਇਸ ਕਮਿਸ਼ਨ ਦੇ ਮੈਂਬਰ ਤਰਸੇਮ ਸਿੰਘ ਦੀ ਅਗਵਾਈ ਵਿੱਚ ਟੀਮ ਨੇ ਇਸ ਦੀ ਜਾਂਚ ਲਈ ਐੱਸ ਐੱਸ ਪੀ ਵਿਕਰਮ ਦੁੱਗਲ ਨੂੰ ਸ਼ਿਕਾਇਤ ਦਿੱਤੀ। ਇਸ ਮਗਰੋਂ ਐੱਸ ਪੀ ਅਮਨਦੀਪ ਕੌਰ ਦੀ ਅਗਵਾਈ ਵਿੱਚ ਦੋਵਾਂ ਔਰਤਾਂ ਨੂੰ ਦੋਸ਼ੀਆਂ ਦੇ ਕਬਜ਼ੇ ਤੋਂ ਛੁਡਾ ਕੇ ਹਸਪਤਾਲ ਲਿਆਂਦਾ ਗਿਆ ਤੇ ਮੁੱਢਲੇ ਇਲਾਜ ਦੇ ਨਾਲ ਉਨ੍ਹਾਂ ਦਾ ਮੈਡੀਕਲ ਕਰਾਇਆ ਤਾਂ ਬਲਾਤਕਾਰ ਦੀ ਪੁਸ਼ਟੀ ਹੋਈ ਹੈ। ਪੁਲਿਸ ਅਫਸਰਾਂ ਦੇ ਦੱਸਣ ਅਨੁਸਾਰ ਇਕ ਔਰਤ ਦੇ ਸੰਤਾਨ ਨਾ ਹੋਣ ਕਾਰਨ ਉਹ ਬੀਤੇ ਕੁਝ ਸਮੇਂ ਤੋਂ ਪਰਿਵਾਰ ਸਮੇਤ ਰਾਮ ਤੀਰਥ ਮੰਦਰ ਆ ਰਹੀ ਸੀ। ਬੀਤੇ ਦਿਨੀਂ ਦੋਵਾਂ ਔਰਤਾਂ ਆਪੋ-ਆਪਣੇ ਪਰਿਵਾਰਾਂ ਦੇ ਨਾਲ ਏਥੇ ਪੁੱਜੀਆਂ ਤਾਂ ਦੋਵਾਂ ਨੂੰ ਬੰਦੀ ਬਣਾ ਕੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਭਜਾ ਦਿੱਤਾ ਗਿਆ ਅਤੇ ਫਿਰ ਬਲਾਤਕਾਰ ਕੀਤਾ ਗਿਆ ਸੀ।

ਵਾਲਮੀਕਿ ਮੰਦਰ ਗੁਰੂ ਗਿਆਨ ਨਾਥ ਦੇ ਮੁਖੀ ਵੱਲੋਂ ਦੋ ਔਰਤਾਂ ਨਾਲ ਕੀਤੀ ਇਸ ਮਾੜੀ ਹਰਕਤ ਦੀ ਸੰਤ ਸਮਾਜ ਨੇ ਸਖ਼ਤ ਨਿੰਦਾ ਕੀਤੀ ਹੈ। ਸੰਤ ਸਮਾਜ ਵੱਲੋਂ ਸੰਤ ਮੇਘ ਨਾਥ, ਚੇਅਰਮੈਨ ਜਗਦੀਸ਼ ਜੱਗੂ ਅਤੇ ਹੋਰਨਾਂ ਨੇ ਨਿੰਦਾ ਕੀਤੀ ਤੇ ਕਿਹਾ ਕਿ ਆਪਣੇ-ਆਪ ਨੂੰ ਮੰਦਰ ਦਾ ਗੱਦੀਨਸ਼ੀਨ ਦੱਸਣ ਵਾਲੇ ਗਰਧਾਰੀ ਲਾਲ, ਕੌਮੀ ਚੇਅਰਮੈਨ ਨੱਛਤਰ ਨਾਥ ਅਤੇ ਦੋ ਹੋਰ ਵਿਅਕਤੀਆਂ ਵੱਲੋਂ ਇਹ ਘਟੀਆ ਹਰਕਤ ਸਾਡੇ ਸੰਤ ਸਮਾਜ ਨੂੰ ਢਾਹ ਲਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਕੇਸ ਦੀ ਜਾਂਚ ਸੀ ਬੀ ਆਈ ਤੋਂ ਕਰਵਾ ਕੇ ਮੰਦਰ ਦੀ ਵੇਚੀ ਗਈ ਜਾਇਦਾਦ ਵੀ ਛੁਡਾਈ ਜਾਵੇ ਅਤੇ ਮੰਦਰ ਵਿੱਚ ਕਿਸੇ ਯੋਗ ਸਾਧੂ ਨੂੰ ਗੱਦੀ ਉੱਤੇ ਬਿਰਾਜਮਾਨ ਕੀਤਾ ਜਾਵੇ।

# ਮਾਈਕ੍ਰੋਸਾਫਟ ਦੇ ਮੁਖੀ ਦੀ ਚਿਤਾਵਨੀ: ਸਿਹਤ ਲਈ ਹਮੇਸ਼ਾ ਲਈ 'ਵਰਕ ਫਰਾਮ ਹੋਮ' ਠੀਕ ਨਹੀਂ




ਸਾਨ ਫ੍ਰਾਂਸਿਸਕੋ, 18 ਮਈ, (ਪੋਸਟ ਬਿਊਰੋ)- ਅੱਜ ਕੱਲ੍ਹ ਜਦੋਂ ਟਵਿੱਟਰ ਵਰਗੀਆਂ ਚੋਟੀਆਂ ਦੀਆਂ ਕੰਪਨੀਆਂ ਆਪਣੇ ਕਾਰਿੰਦਿਆਂ ਨੂੰ ਵਰਕ ਫਰਾਮ ਹੋਮ ਲਈ ਖੁਦ ਕਹਿ ਰਹੀਆਂ ਹਨ, ਓਦੋਂ ਮਾਈਕ੍ਰੋਸਾਫਟ ਦੇ ਸੀ ਈ ਓ ਸਤਿਆ ਨਾਡੇਲਾ ਨੇ ਚਿਤਾਵਨੀ ਦੇ ਦਿੱਤੀ ਹੈ ਕਿ ਏਦਾਂ ਕਰਨਾ ਮੁਲਾਜ਼ਮਾਂ ਦੀ ਮਾਨਸਿਕ ਸਿਹਤ ਲਈ ਮਾੜਾ ਸਾਬਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਹਮੇਸ਼ਾ ਲਈ ਘਰ ਰਹਿ ਕੇ ਕੰਮ ਕਰਨ (ਵਰਕ ਫਰਾਮ ਹੋਮ) ਨਾਲ ਇਨ੍ਹਾਂ ਲੋਕਾਂ ਦੀ ਸਮਾਜਿਕ ਅਤੇ ਮਾਨਸਿਕ ਸਿਹਤ ਦੇ ਪੱਖ ਤੋਂ ਗੰਭੀਰ ਨਤੀਜੇ ਨਿਕਲ ਸਕਦੇ ਹਨ।

'ਨਿਊਯਾਰਕ ਟਾਈਮਜ਼' ਅਖਬਾਰ ਨਾਲ ਗੱਲਬਾਤ ਵਿੱਚ ਭਾਰਤੀ ਮੂਲ ਦੇ ਸਤਿਆ ਨਾਡੇਲਾ ਨੇ ਕਿਹਾ ਕਿ ਅੱਜ ਦੇ ਹਾਲਾਤ ਵਿੱਚ ਅਸੀਂ ਇਕ ਉਲਝਣ ਹੱਲ ਕਰਨ ਦੀ ਕੋਸ਼ਿਸ਼ ਵਿੱਚ ਦੂਸਰੀ ਉਲਝਣ ਪੈਦਾ ਕਰ ਰਹੇ ਹਾਂ। ਉਨ੍ਹਾਂ ਪੁੱਛਿਆ ਕਿ ਵੱਧ ਕੰਮ ਜਾਂ ਪਰੇਸ਼ਾਨੀ ਦਾ ਬੋਝ ਕਿਵੇਂ ਪੈਂਦਾ ਹੈ? ਮਾਨਸਿਕ ਸਿਹਤ ਕਿੱਦਾਂ ਦੀ ਹੁੰਦੀ ਹੈ? ਸਤਿਆ ਨਾਡੇਲਾ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਅੱਜ ਦੇ ਹਾਲਾਤ ਵਿੱਚ ਦਫਤਰ ਤੋਂ ਦੂਰ ਰਹਿ ਕੇ ਕੰਮ ਕਰਦਿਆਂ ਅਸੀਂ ਉਹ ਸਾਰੀ ਸਮਾਜਿਕ ਪੂੰਜੀ ਗੁਆ ਰਹੇ ਹਾਂ, ਜਿਹੜੀ ਅਸੀਂ ਸਾਧਾਰਨ ਹਾਲਾਤ ਵਿੱਚ ਜਮ੍ਹਾਂ ਕੀਤੀ ਸੀ।

ਸਤਿਆ ਨਾਡੇਲਾ ਦੀ ਇਹ ਰਾਏ ਟਵਿੱਟਰ ਦੇ ਉਸ ਕਦਮ ਤੋਂ ਪਿੱਛੋਂ ਆਈ ਹੈ, ਜਿਸ ਵਿਚ ਉਸ ਨੇ ਆਪਣੇ ਸਟਾਫ ਨੂੰ ਸਦਾ ਲਈ ਘਰ ਤੋਂ ਕੰਮ ਕਰਨ ਦੀ ਚੁਆਇਸ ਦਿੱਤੀ ਹੈ। ਟਵਿੱਟਰ ਦੇ ਕਰਮਚਾਰੀ ਮਹਾਮਾਰੀ ਖਤਮ ਹੋਣ ਤੋਂ ਬਾਅਦ ਵੀ ਘਰ ਤੋਂ ਕੰਮ ਕਰ ਸਕਣਗੇ। ਫੇਸਬੁੱਕ ਅਤੇ ਗੂਗਲ ਨੇ ਵੀ ਆਪਣੇ ਮੁਲਾਜ਼ਮਾਂ ਨੂੰ ਸਾਲ ਦੇ ਅੰਤ ਤਕ ਘਰ ਤੋਂ ਹੀ ਕੰਮ ਕਰਨ ਨੂੰ ਕਿਹਾ ਹੈ, ਪਰ ਮਾਈਕ੍ਰੋਸਾਫਟ ਘਰ ਤੋਂ ਕੰਮ ਕਰਨ ਦੀ ਆਪਣੀ ਨੀਤੀ ਅਕਤੂਬਰ ਤਕ ਹੀ ਚਲਾਵੇਗੀ।

# ਗੁਜਰਾਤ ਵਿੱਚ ਬਣਿਆ ਸਥਾਨਕ ਵੈਂਟੀਲੇਟਰ ਕੰਮ ਦਾ ਸਾਬਤ ਨਹੀਂ ਹੋ ਸਕਿਆ

ਅਹਿਮਦਾਬਾਦ, 18 ਮਈ, (ਪੋਸਟ ਬਿਊਰੋ)- ਇਸ ਵਕਤ ਜਦੋਂ ਮਹਾਰਾਸ਼ਟਰ ਅਤੇ ਗੁਜਰਾਤ ਦੋ ਰਾਜ ਕੋਰੋਨਾ ਵਾਇਰਸ ਦੇ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਹਨ, ਓਦੋਂ ਗੁਜਰਾਤ ਦੇ ਅਹਿਮਦਾਬਾਦ ਵਿਚ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਸਥਾਨਕ (ਲੋਕਲ) ਵੈਂਟੀਲੇਟਰਜ਼ ਦੀ ਕੁਆਲਟੀ ਉੱਤੇ ਕਿੰਤੂ ਕਰ ਦਿੱਤੇ ਹਨ ਕਿ ਇਸ ਵੈਂਟੀਲੇਟਰ ਦਾ ਨਤੀਜਾ ਆਸ ਮੁਤਾਬਕ ਨਹੀਂ ਨਿਕਲ ਰਿਹਾ। ਇਹ ਵੈਂਟੀਲੇਟਰ ਗੁਜਰਾਤ ਦੇ ਰਾਜਕੋਟ ਦੀ ਇਕ ਕੰਪਨੀ ਨੇ ਬਣਾਏ ਸਨ ਤੇ ਪਿਛਲੇ ਮਹੀਨੇ ਹੀ ਸਰਕਾਰੀ ਹਸਪਤਾਲਾਂ ਨੂੰ ਇਸ ਦੀ ਮੁਫਤ ਸਪਲਾਈ ਕੀਤੀ ਗਈ ਸੀ।

ਅਹਿਮਦਾਬਾਦ ਸਿਵਲ ਹਸਪਤਾਲ ਦੇ ਮੈਡੀਕਲ ਇੰਚਾਰਜ ਡਾਕਟਰ ਜੇ ਵੀ ਮੋਦੀ ਨੇ ਗਾਂਧੀਨਗਰ ਵਿੱਚ ਗੁਜਰਾਤ ਮੈਡੀਕਲ ਸਰਵਿਸ ਕਾਰਪੋਰੇਸ਼ਨ ਲਿਮਟਿਡ (ਜੀ ਐੱਮ ਐੱਸ ਸੀ ਐੱਲ) ਨੂੰ 1,200 ਬੈੱਡ ਵਾਲੇ ਕੋਰੋਨਾ ਹਸਪਤਾਲ ਲਈ 50 ਹਾਈ-ਐਂਡ ਆਈ ਸੀ ਯੂ ਵੈਂਟੀਲੇਟਰ ਦੇਣ ਲਈ ਕਿਹਾ ਹੈ। ਇਹ ਚਿੱਠੀ ਇਸ ਹਸਪਤਾਲ ਨੂੰ 250 ਵੈਂਟੀਲੇਟਰਾਂ ਦੀ ਸਪਲਾਈ ਹੋਣ ਪਿੱਛੋਂ ਲਿਖੀ ਗਈ ਹੈ। ਹਸਪਤਾਲ ਦੇ ਐਨਸਥੀਸੀਆ ਵਿਭਾਗ ਦੇ ਮੁਖੀ ਸੈਲੇਸ਼ ਸ਼ਾਹ ਨੇ ਕਿਹਾ ਕਿ ਜਿਹੜੇ ਵੈਂਟੀਲੇਟਰ ਮਿਲੇ ਹਨ, ਇਨ੍ਹਾਂ ਨੂੰ ਹਾਈ ਐਂਡ ਨਹੀਂ ਕਿਹਾ ਜਾ ਸਕਦਾ। ਸ਼ੁਕਰ ਹੈ ਕਿ ਅਸੀਂ ਇਸ ਦੀ ਵਰਤੋਂ ਘੱਟ ਕੀਤੀ ਹੈ, ਕਿਉਂਕਿ ਸਾਡੇ ਕੋਲ ਚੰਗੀ ਕੁਆਲਟੀ ਦੇ ਵੈਂਟੀਲੇਟਰ ਸਨ। ਹਸਪਤਾਲਾਂ ਵਿੱਚ ਕੋਰੋਨਾ ਮਰੀਜ਼ਾਂ ਦੀ ਗਿਣਤੀ ਵਧ ਰਹੀ ਹੈ ਅਤੇ ਉਨ੍ਹਾਂ ਨੂੰ ਇਸ ਲੋਕਲ ਵੈਂਟੀਲੇਟਰ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ'। ਇਸ ਦੌਰਾਨ ਬੀ ਜੇ ਮੈਡੀਕਲ ਕਾਲਜ ਦੇ ਐਨਸਥੀਸੀਆ ਵਿਭਾਗ ਮੁਖੀ ਦੇ ਹਵਾਲੇ ਨਾਲ ਡਾਕਟਰ ਜੇ ਵੀ ਮੋਦੀ ਨੇ ਕਿਹਾ ਕਿ ਸਾਨੂੰ 15 ਅਪਰੈਲ ਨੂੰ ਚਿੱਠੀ ਵਿੱਚ ਦੱਸਿਆ ਗਿਆ ਸੀ ਕਿ ਲੋਕ ਵੈਂਟੀਲੇਟਰ ਆਸ ਮੁਤਾਬਕ ਨਤੀਜੇ ਨਹੀਂ ਕੱਢ ਰਹੇ, ਇਸ ਲਈ ਅਸੀਂ ਕੋਵਿਡ ਹਸਪਤਾਲ ਜਾਂ ਕਿਡਨੀ ਮਰੀਜ਼ਾਂ ਲਈ 50-50 ਚੰਗੇ ਵੈਂਟੀਲੇਟਰ ਦੀ ਮੰਗ ਕੀਤੀ ਹੈ'।

# ਫੇਸ ਮਾਸਕਾਂ ਉੱਤੇ ਗੁਰਬਾਣੀ ਦੀਆਂ ਤੁਕਾਂ ਲਿਖ ਦਿੱਤੀਆਂ

ਜਲੰਧਰ, 18 ਮਈ (ਪੋਸਟ ਬਿਊਰੋ)- ਹਸਪਤਾਲ ਦੇ ਬਾਹਰ ਗੁਰਬਾਣੀ ਦੀਆਂ ਤੁਕਾਂ ਲਿਖੀਆਂ ਵਾਲੇ ਫੇਸ ਮਾਸਕ ਪਾ ਕੇ ਬੈਠੇ ਲੋਕਾਂ ਨੂੰ ਸਿੱਖ ਤਾਲਮੇਲ ਕਮੇਟੀ ਦੇ ਮੈਂਬਰਾਂ ਨੇ ਫੜ ਕੇ ਇਸ ਬਾਰੇ ਪੁਲਸ ਨੂੰ ਸੂਚਿਤ ਕੀਤਾ ਹੈ।

ਸਿੱਖ ਤਾਲਮੇਲ ਕਮੇਟੀ ਦੇ ਮੁਖੀ ਤਜਿੰਦਰ ਸਿੰਘ ਪ੍ਰਦੇਸੀ ਤੇ ਹਰਪ੍ਰੀਤ ਸਿੰਘ ਨੀਟੂ ਨੇ ਦੱਸਿਆ ਕਿ ਉਨ੍ਹਾਂ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਫੇਸ ਮਾਸਕ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰਬਾਣੀ ਦੀਆਂ ਤੁਕਾਂ ਲਿਖੀਆਂ ਹੋਈਆਂ ਹਨ। ਉਨ੍ਹਾਂ ਜਤਿੰਦਰਪਾਲ ਸਿੰਘ ਮਝੈਲ ਅਤੇ ਬਲਦੇਵ ਸਿੰਘ ਅਤੇ ਵਿੱਕੀ ਖਾਲਸਾ ਨੂੰ ਮੌਕੇ 'ਤੇ ਭੇਜਿਆ। ਉਸੇ ਵਕਤ ਸਿੱਖ ਤਾਲਮੇਲ ਕਮੇਟੀ ਦੇ ਮੈਂਬਰਾਂ ਨੇ ਪਵਨ ਗੁਰੂ ਪਾਣੀ ਪਿਤਾ ਚੈਰੀਟੇਬਲ ਸੁਸਾਈਟੀ ਦੇ ਹਸਪਤਾਲ ਦੇ ਮਾਲਕ ਨੂੰ ਮੌਕੇ 'ਤੇ ਬੁਲਾਇਆ ਅਤੇ ਹਸਪਤਾਲ ਦੇ ਸਟਾਫ ਵੱਲੋਂ ਪਹਿਨੇ ਹੋਏ ਫੇਸ ਮਾਸਕ ਕਬਜ਼ੇ ਵਿੱਚ ਲੈ ਲਏ ਗਏ। ਇਸ ਮੌਕੇ ਸਿੱਖ ਤਾਲਮੇਲ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਫਿਲਹਾਲ ਉਨ੍ਹਾਂ ਨੂੰ ਦੋ ਫੇਸ ਮਾਸਕ ਮਿਲੇ ਹਨ, ਜਦ ਕਿ ਪਵਨ ਗੁਰੂ ਪਾਣੀ ਪਿਤਾ ਚੈਰੀਟੇਬਲ ਸੁਸਾਈਟੀ ਨੇ ਇੱਕ ਹਜ਼ਾਰ ਫੇਸ ਮਾਸਕ ਵੰਡੇ ਹਨ। ਇਸੇ ਦੌਰਾਨ ਹਸਪਤਾਲ ਦੇ ਮਾਲਕ ਨੇ ਲਿਖਤੀ ਮੁਆਫੀ ਮੰਗ ਲਈ। ਇਸ ਬਾਰੇ ਡਾਕਟਰ ਰਵਿੰਦਰ ਛਾਬੜਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕੋਰੋਨਾ ਵਾਇਰਸ ਦੇ ਦੌਰਾਨ ਸਰਕਾਰ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਲੋਕਾਂ ਨੂੰ ਬਿਮਾਰੀ ਤੋਂ ਬਚਾਉਣ ਲਈ ਫੇਸ ਮਾਸਕ ਵੰਡੇ ਸਨ, ਜੋ ਉਨ੍ਹਾਂ ਦੇ ਚਾਚੇ ਵੱਲੋਂ ਚਲਾਈ ਜਾਂਦੀ ਰਹੀ ਪਵਨ ਗੁਰੂ ਪਾਣੀ ਪਿਤਾ ਸੁਸਾਈਟੀ ਦੇ ਸਹਿਯੋਗ ਨਾਲ ਬਣਵਾਏ ਅਤੇ ਜਲੰਧਰ ਅਤੇ ਕਪੂਰਥਲਾ ਵਿੱਚ ਵੰਡੇ ਸਨ। ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਫੇਸ ਮਾਸਕ 'ਤੇ ਗੁਰਬਾਣੀ ਲਿਖਣੀ ਗਲਤ ਹੈ ਤਾਂ ਫੈਸਲਾ ਲਿਆ ਕਿ ਜਿੱਥੇ ਵੀ ਉਨ੍ਹਾਂ ਨੇ ਫੇਸ ਮਾਸਕ ਵੰਡੇ ਹਨ, ਉਥੇ ਇਕੱਠੇ ਕਰ ਕੇ ਸਿੱਖ ਤਾਲਮੇਲ ਕਮੇਟੀ ਦੇ ਮੈਂਬਰਾਂ ਦੇ ਹਵਾਲੇ ਕੀਤੇ ਜਾਣਗੇ।


Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000** — 7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000** — 3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000** — Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000** — 39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000** — Photo Not Available — 7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000** — 7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000** — Photo Not Available — 23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000** — Photo Not Available — Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000** — Photo Not Available — 115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000** — Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000** — Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000** — Photo Not Available — 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000** — 124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500** — Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888** — King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000** — Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
MEMBER ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੌਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com


# ਅਕਾਲੀ ਦਲ ਵਲੋਂ ਕਰਫਿਊ ਦੌਰਾਨ ਕਾਂਗਰਸੀ ਆਗੂਆਂ ਦੀ ਪੁਸ਼ਤਪਨਾਹੀ ਥੱਲੇ ਵਧੇ ਫੁੱਲੇ ਨਸ਼ਿਆਂ ਦੇ ਕਾਰੋਬਾਰ ਦੀ ਸੁਤੰਤਰ ਜਾਂਚ ਕਰਾਉਣ ਦੀ ਮੰਗ

ਚੰਡੀਗੜ੍ਹ, 18 ਮਈ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਨੇ ਅੱਜ ਪਿਛਲੇ ਦੋ ਮਹੀਨਿਆਂ ਦੇ ਕਰਫਿਊ ਦੌਰਾਨ ਪੰਜਾਬ 'ਚ ਵਧੇ ਫੁੱਲੇ ਨਸ਼ਾ ਤਸਕਰੀ ਅਤੇ ਗੈਰਕਾਨੂੰਨੀ ਸ਼ਰਾਬ ਦੀ ਵਿਕਰੀ ਦੇ ਧੰਦੇ ਦੀ ਇੱਕ ਸੁਤੰਤਰ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ, ਜਿਸ ਦੌਰਾਨ ਕਾਂਗਰਸੀ ਮੰਤਰੀਆਂ, ਵਿਧਾਇਕਾਂ ਅਤੇ ਆਗੂਆਂ ਨੇ ਸ਼ਰੇਆਮ ਵਿਨੋਦ ਕੁਮਾਰ ਉਰਫ ਸੋਨੂੰ ਬਾਬਾ ਵਰਗੇ ਤਸਕਰਾਂ ਦੀ ਪੁਸ਼ਤਪਨਾਹੀ ਕਰਦਿਆਂ ਉਨ੍ਹਾਂ ਨੂੰ ਨਸ਼ਿਆਂ ਦੀ ਹੋਮ ਡਿਲੀਵਰੀ ਲਈ ਕਰਫਿਊ ਪਾਸ ਮੁਹੱਈਆ ਕਰਵਾਏ ਗਏ।

ਇੱਥੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਸੀਨੀਅਰ ਅਕਾਲੀ ਆਗੂ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸੋਨੂੰ ਬਾਬਾ ਦੀ ਮੋਗਾ 'ਚ ਟਰੈਮਾਡੋਲ ਦੀਆਂ ਦੋ ਹਜ਼ਾਰ ਗੋਲੀਆਂ ਨਾਲ ਹੋਈ ਤਾਜ਼ਾ ਗ੍ਰਿਫ਼ਤਾਰੀ ਨੇ ਕਾਂਗਰਸੀਆਂ ਵਲੋਂ ਕਰਫਿਊ ਦੌਰਾਨ ਕਰੋੜਾਂ ਰੁਪਏ ਕਮਾਉਣ ਲਈ ਸ਼ੁਰੂ ਕੀਤੇ ਇੱਕ ਨਵੇਂ ਕਾਰੋਬਾਰ ਦਾ ਪਰਦਾਫਾਸ਼ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਟਰੈਮਾਡੋਲ ਦੀ ਵਿਕਰੀ 'ਤੇ ਸਖ਼ਤ ਪਾਬੰਦੀ ਹੈ ਅਤੇ ਸੱਤਾਧਾਰੀ ਪਾਰਟੀ ਦੇ ਆਗੂਆਂ ਦੀ ਪੁਸ਼ਤਪਨਾਹੀ ਤੋਂ ਬਿਨਾਂ ਇੰਨੀ ਵੱਡੀ ਮਾਤਰਾ 'ਚ ਇਨ੍ਹਾਂ ਗੋਲੀਆਂ ਦੀ ਸਪਲਾਈ ਨਹੀਂ ਕੀਤੀ ਜਾ ਸਕਦੀ। ਗਰੇਵਾਲ ਨੇ ਕਿਹਾ ਕਿ ਸੀਨੀਅਰ ਕਾਂਗਰਸੀ ਆਗੂਆਂ ਸੰਦੀਪ ਸਿੰਘ ਸੰਧੂ, ਹਰਮਿੰਦਰ ਸਿੰਘ ਗਿੱਲ ਅਤੇ ਕੁਲਬੀਰ ਸਿੰਘ ਜ਼ੀਰਾ ਦੇ ਖਾਸ ਬੰਦੇ ਵਜੋਂ ਜਾਣੇ ਜਾਂਦੇ ਸੋਨੂੰ ਬਾਬਾ ਨੇ ਕਾਂਗਰਸੀਆਂ ਵਲੋਂ ਚਲਾਏ ਜਾ ਰਹੇ ਇੱਕ ਨਸ਼ਾ ਤਸਕਰੀ ਦੇ ਧੰਦੇ ਦਾ ਪਰਦਾਫਾਸ਼ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਪੱਸ਼ਟ ਹੈ ਕਿ ਇਹ ਤਸਕਰ ਅਤੇ ਨਕਲੀ ਸ਼ਰਾਬ ਵੇਚਣ ਵਾਲੇ ਕਰਫਿਊ ਦੌਰਾਨ ਸੱਤਾਧਾਰੀ ਪਾਰਟੀ ਦੇ ਆਗੂਆਂ ਦੀ ਮਿਲੀਭੁਗਤ ਨਾਲ ਨਸ਼ਿਆਂ ਅਤੇ ਨਜਾਇਜ਼ ਸ਼ਰਾਬ ਦੀ ਸਪਲਾਈ ਕਰਕੇ ਕਰੋੜਾਂ ਰੁਪਏ ਕਮਾ ਰਹੇ ਸਨ। ਦੂਜੇ ਪਾਸੇ ਗਰੀਬਾਂ ਅਤੇ ਮੱਧ ਵਰਗੀ ਲੋਕਾਂ ਨੂੰ ਰਾਸ਼ਣ ਅਤੇ ਦਵਾਈਆਂ ਵਰਗੀਆਂ ਬੁਨਿਆਦੀ ਜ਼ਰੂਰਤਾਂ ਵਾਸਤੇ ਤਰਲੇ ਕੱਢਣ ਲਈ ਮਜ਼ਬੂਰ ਕਰ ਦਿੱਤਾ ਗਿਆ ਸੀ।

ਸੀਨੀਅਰ ਕਾਂਗਰਸੀ ਆਗੂਆਂ ਦੇ ਇੱਕ ਨੇੜਲੇ ਵਿਅਕਤੀ ਕੋਲੋਂ ਬਰਾਮਦ ਹੋਈਆਂ ਟਰੈਮਾਡੋਲ ਦੀਆਂ ਗੋਲੀਆਂ ਬਾਰੇ ਦੱਸਦਿਆਂ ਅਕਾਲੀ ਆਗੂ ਨੇ ਕਿਹਾ ਕਿ ਦੋਸ਼ੀ ਸੋਨੂੰ ਬਾਬਾ ਨੂੰ ਕਰਫਿਊ ਦੌਰਾਨ ਇਸ ਲਈ ਆਪਣਾ ਨਸ਼ਾ ਤਸਕਰੀ ਦਾ ਧੰਦਾ ਕਰਨ ਦੀ ਖੁੱਲ੍ਹ ਦਿੱਤੀ ਗਈ ਸੀ, ਕਿਉਂਕਿ ਕਾਂਗਰਸੀ ਆਗੂ ਉਸ ਕੋਲੋਂ ਆਪਣਾ ਹਿੱਸਾ ਲੈ ਰਹੇ ਸਨ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਦੇ ਪੈਸੇ ਨਾਲ ਦੋਸ਼ੀ ਨੇ ਕਿੰਨੀਆਂ ਸੰਪਤੀਆਂ ਬਣਾਈਆਂ ਹਨ, ਇਹ ਜਾਣਨ ਲਈ ਇੱਕ ਸੁਤੰਤਰ ਜਾਂਚ ਦੀ ਲੋੜ ਹੈ। ਇਸ ਤੋਂ ਇਲਾਵਾ ਸੋਨੂੰ ਬਾਬਾ ਦੀ ਮੱਦਦ ਕਰਨ ਵਾਲੇ ਸਾਰੇ ਸ਼ੱਕੀ ਕਾਂਗਰਸੀ ਆਗੂਆਂ ਦੇ ਨਾਂ ਵੀ ਐੱਫ.ਆਈ.ਆਰ.'ਚ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ ਅਤੇ ਸੂਬੇ ਅੰਦਰ ਨਸ਼ਿਆਂ ਦਾ ਕਾਰੋਬਾਰ ਕਰਨ ਲਈ ਉਨ੍ਹਾਂ ਨੂੰ ਬਰਾਬਰ ਦੇ ਦੋਸ਼ੀ ਠਹਿਰਾਇਆ ਜਾਣਾ ਚਾਹੀਦਾ ਹੈ।

ਹੋਰ ਜਾਣਕਾਰੀ ਦਿੰਦਿਆਂ ਅਕਾਲੀ ਆਗੂ ਨੇ ਸੋਨੂੰ ਬਾਬਾ ਦੀਆਂ ਸੀਨੀਅਰ ਕਾਂਗਰਸੀ ਆਗੂਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਅਤੇ ਕਿਹਾ ਕਿ ਦੋਸ਼ੀ ਦੇ ਉਪਰੋਕਤ ਸਾਰੇ ਕਾਂਗਰਸੀ ਆਗੂਆਂ ਨਾਲ ਪਰਿਵਾਰਕ ਸੰਬੰਧ ਸਨ ਅਤੇ ਉਹ ਸਾਰਿਆਂ ਨੂੰ ਜਨਮਦਿਨ, ਵਰ੍ਹੇਗੰਢ ਅਤੇ ਹੋਰ ਮੌਕਿਆਂ 'ਤੇ ਵਧਾਈ ਸੰਦੇਸ਼ ਵੀ ਭੇਜਦਾ ਹੁੰਦਾ ਸੀ। ਉਨ੍ਹਾਂ ਕਿਹਾ ਕਿ ਜੇਕਰ ਇਕ ਨਸ਼ਾ ਤਸਕਰ ਸੱਤਾਧਾਰੀ ਪਾਰਟੀ ਦੇ ਆਗੂਆਂ ਨਾਲ ਲਗਾਤਾਰ ਗੱਲਬਾਤ ਕਰਦਾ ਹੈ, ਇੱਥੋਂ ਤੱਕ ਉਨ੍ਹਾਂ ਦੇ ਪਾਰਟੀ ਅਤੇ ਪਰਿਵਾਰਕ ਸਮਾਗਮਾਂ 'ਚ ਵੀ ਭਾਗ ਲੈਂਦਾ ਹੈ ਤਾਂ ਇਸ ਦਾ ਕੀ ਅਰਥ ਹੈ? ਸਪੱਸ਼ਟ ਹੈ ਕਿ ਆਗੂ ਉਸ ਨਾਲ ਮਿਲੇ ਹੋਏ ਸਨ ਅਤੇ ਪੁਲਸ ਕੋਲੋਂ ਉਸ ਨੂੰ ਸੁਰੱਖਿਅਤ ਲਾਂਘਾ ਦਿਵਾਅ ਕੇ ਉਸ ਦੇ ਗੈਰਕਾਨੂੰਨੀ ਕੰਮਾਂ 'ਚ ਮੱਦਦ ਕਰਦੇ ਸਨ।


jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ


ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training
Forklift $79 Recertification



Counterbalance Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਉ ਨਾਮ




ਕਰਤਾਰ ਫਰਨੀਚਰ
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6



We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ■ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cyclist ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

# ਰੀਵਿਊ: ਅੰਦਰ ਉਤਰਨ ਵਾਲੀ ਸ਼ਾਇਰੀ ਦਾ ਸਿਰਨਾਵਾਂ-'ਰੂਹ ਰੇਜ਼ਾ'

ਡਾ ਸਰਦੂਲ ਸਿੰਘ ਔਜਲਾ

ਡੇਢ ਦਰਜਨ ਪੁਸਤਕਾਂ ਦੇ ਰਚੇਤਾ ਡਾ ਗੁਰਬਖ਼ਸ਼ ਸਿੰਘ ਭੰਡਾਲ ਦੀ ਨਵੀਂ ਕਾਵਿ-ਪੁਸਤਕ 'ਰੂਹ ਰੇਜ਼ਾ' ਦਾ ਅਧਿਐਨ ਕਰਦਿਆਂ ਇਹ ਗੱਲ ਤਾਂ ਸਪੱਸ਼ਟ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਡਾ ਗੁਰਬਖ਼ਸ਼ ਭੰਡਾਲ, ਪਰੰਪਰਕ ਅਤੇ ਅਧੁਨਿਕ ਕਵਿਤਾ ਦੇ ਵਿਚਕਾਰ ਇਕ ਪੁਲ ਦਾ ਕੰਮ ਕਰਨ ਵਾਲਾ ਕਵੀ ਹੈ ਕਿਉਂਕਿ ਅਜੋਕੀ ਪੰਜਾਬੀ ਕਵਿਤਾ ਦੇ ਅਲੰਬਰਦਾਰ ਜਿਥੇ ਵਿਚਾਰ ਨੂੰ ਹੀ ਕਵਿਤਾ ਮੰਨ ਰਹੇ ਹਨ ਅਤੇ ਕਾਵਿਕਤਾ ਨੂੰ ਅੱਖੋਂ ਪਰੋਖੇ ਕਰਕੇ ਕਵਿਤਾ ਦੇ ਮਾਪਡੰਡ ਨਿਰਧਾਰਤ ਕਰ ਰਹੇ ਹਨ, ਉਥੇ ਗੁਰਬਖ਼ਸ਼ ਭੰਡਾਲ ਦੀ ਕਵਿਤਾ ਵਿਚ ਜਿਥੇ ਅਜੋਕੇ ਮਨੁੱਖ ਦੀ ਹੋਣੀ ਬਿਆਨ ਕੀਤੀ ਜਾ ਰਹੀ ਹੈ, ਉਥੇ ਛੰਦਬੰਦ ਕਵਿਤਾ ਵਾਲੀ ਰਵਾਨੀ ਅਤੇ ਲੈਅ-ਆਤਮਿਕਤਾ ਵੀ, ਇਸ ਕਵਿਤਾ ਨੂੰ ਪਾਠਕ ਦੇ ਧੁਰ ਅੰਦਰ ਉਤਾਰਦੀ ਹੈ। ਇਸ ਕਵਿਤਾ ਵਿਚ ਕਿਸੇ ਵਸਤ-ਵਰਤਾਰੇ, ਆਪਣੇ ਪਿਆਰੇ ਦੇ ਖ਼ੁੱਸਣ ਵਰਗੇ ਅਹਿਸਾਸਾਂ ਨੂੰ ਵੀ ਜ਼ੂਬਾਨ ਦਿਤੀ ਗਈ ਹੈ। ਇਸੇ ਕਰਕੇ ਹੀ ਭੰਡਾਲ ਦੀ ਕਵਿਤਾ ਵਿਚੋਂ ਕਿਤੇ ਕਿਤੇ ਅਤੀਤ ਦਾ ਸਿਮਰਨ ਵੀ ਝਲਕਦਾ ਹੈ। ਜਦੋਂ ਕੋਈ ਪੂੰਜੀਵਾਦੀ ਮੁਲਕਾਂ ਵਿਚ ਸੁੱਖ-ਸਹੂਲਤਾਂ ਮਾਣਦਾ ਹੋਇਆ ਵੀ ਪਦਾਰਥਵਾਦੀ ਬਹੁਲਤਾ ਵਿਚ ਅੱਚਵੀ ਮਹਿਸੂਸ ਕਰਦਾ ਹੈ ਕਿਉਂਕਿ ਇਹਨਾਂ ਸੁੱਖ ਸਹੂਲਤਾਂ ਵਿਚ ਉਸਨੂੰ ਸਕੂਨ ਨਹੀਂ ਮਿਲਦਾ। ਸਗੋਂ ਉਸਦੀ ਰੂਹ ਨਿਰੰਤਰ ਕਿਸੇ ਆਪਣੇ ਦੀ ਬੁੱਕਲ ਦਾ ਨਿੱਘ ਮਾਨਣ ਲਈ ਤੜਫੜਾਉਂਦੀ ਹੋਈ ਨਜ਼ਰ ਆਉਂਦੀ ਹੈ। ਇਸੇ ਲਈ ਉਹ ਸੁੱਖ-ਸਹੂਲਤਾਂ ਨੂੰ ਸਜ਼ਾ ਦੀ ਸੰਗਿਆ ਦੇ ਕੇ ਆਪਣਾ ਕਾਵਿ ਅਨੁਭਵ ਪੇਸ਼ ਕਰਦਾ ਹੈ;

ਮਾਏ ਨੀ!
ਪੁੱਤ ਨੂੰ ਤੋਰ ਪ੍ਰਦੇਸੀਂ
ਦਿਤੀਆਂ ਕਿਉਂ ਸਜਾਵਾਂ
ਨਾ ਸਾਝਾਂ, ਨਾ ਮਿੱਤਰ-ਰਿਸ਼ਤੇ
ਨਾ ਬਾਪੂ, ਨਾ ਮਾਵਾਂ।

ਡਾ ਭੰਡਾਲ ਦੀ ਸ਼ਾਇਰੀ ਵਿਚ ਬਿਰਹਾ ਦਾ ਰੰਗ ਉਦੋਂ ਹੋਰ ਵੀ ਗੂੜਾ ਹੋ ਜਾਂਦਾ ਹੈ ਜਦੋਂ ਉਹ ਅਜੋਕੇ ਦੌਰ ਵਿਚ ਨਿਘਰਦੀਆਂ ਸਾਝਾਂ ਨੂੰ ਪੈਸੇ ਦੀ ਤੱਕੜੀ ਵਿਚ ਤੁੱਲਦੇ ਦੇਖਦਾ ਹੈ। ਇਹ ਵਰਤਾਰਾ ਉਸਦੀ ਸੰਵੇਦਨਸ਼ੀਲ ਰੂਹ ਨੂੰ ਝੰਜੋੜਦਾ ਹੈ। ਇਸੇ ਕਰਕੇ ਹੀ ਉਸਦੀ ਕਵਿਤਾ ਦੇ ਅੰਦਰੋਂ ਕੁਝ ਖੁੱਰਨ-ਭੁਰਨ ਦਾ ਅਨੁਭਵ ਤਕਰੀਬਨ 'ਰੂਹ-ਰੇਜ਼ਾ' ਦੇ ਸਾਰੇ ਵਜੂਦ ਦੇ ਅੰਦਰ ਅਤੇ ਬਾਹਰ ਫੈਲਿਆ ਨਜ਼ਰ ਆਉਂਦਾ ਹੈ। ਪਰ ਜੇਕਰ ਉਸਨੂੰ ਸਕੂਨ ਮਿਲਦਾ ਹੈ ਤਾਂ ਬਾਪੂ ਦੁਆਰਾ ਆਪਣੇ ਖੂਹ ਦੇ ਬੂਟੇ ਦੇ ਅੰਬ ਨਾਲ ਆਉਂਦਾ ਹੈ। ਇਥੇ ਇਹ ਗੱਲ ਵਰਨਣਯੋਗ ਹੈ ਇਹ ਅੰਸ਼ ਅਸਲ ਵਿਚ ਕਿਸੇ ਵਸਤੂ ਦਾ ਪ੍ਰਤੀਕ ਨਹੀਂ ਸਗੋਂ ਆਪਣਿਆਂ ਦੇ ਅਸ਼ੀਰਵਾਦ ਅਤੇ ਬੁੱਕਲ ਦੇ ਨਿੱਘ ਦਾ ਪ੍ਰਤੀਕ ਹੈ।

ਅੱਜ ਗਲੋਬਲ ਯੁੱਗ ਵਿਚ ਸਰੀਰਕ ਅਤੇ ਭੌਤਿਕ ਰੂਪ ਵਿਚ ਜਿਵੇਂ ਜਿਵੇਂ ਮਨੁੱਖ ਇਕ ਦੂਜੇ ਦੇ ਕਰੀਬ ਆ ਰਿਹਾ ਹੈ, ਉਨਾ ਹੀ ਮਾਨਸਿਕ ਰੂਪ ਵਿਚ ਇਕ ਦੂਜੇ ਤੋਂ ਦੂਰ ਹੁੰਦਾ ਜਾ ਰਿਹਾ ਹੈ। ਆਪਣੇ ਹੀ ਘਰ ਵਿਚ ਇਕੱਲਤਾ ਅਤੇ ਬੇਗਾਨਗੀ ਭੋਗਦੇ ਮਨੁੱਖ, ਹਨੇਰੇ ਦਾ ਬਲਦ ਬਣ ਕੇ ਜ਼ਿੰਦਗੀ ਗੁਜ਼ਾਰ ਰਿਹਾ ਹੈ। ਕਵੀ ਦੀ ਉਦਾਸੀ ਵਿਚ ਸਾਰੀ ਕਾਇਨਾਤ ਵੀ ਉਦਾਸ ਹ। ਇਸ ਕਰਕੇ ਉਸਦੀ ਕਵਿਤਾ ਦਾ ਗ਼ਮ ਅਤੇ ਉਦਾਸੀ ਅਜੋਕੇ ਮਨੁੱਖ ਦਾ ਦੁਖਾਂਤ ਹੈ। ਦਿਸ਼ਾਹੀਣ ਸਥਿੱਤੀ ਵਿਚ ਉਦਾਸੀ ਦਾ ਆਲਮ ਹੋਰ ਵੀ ਗਹਿਰਾ ਹੋ ਜਾਂਦਾ ਹੈ ਅਤੇ ਕਵੀ ਚਾਨਣ ਦੀ ਤਲਾਸ਼ ਵਿਚ ਨਿਰੰਤਰ ਭਟਕਣ ਦੀ ਸਥਿੱਤੀ ਹੰਢਾਉਂਦਾ ਹੈ;

ਹਿੰਝੇ ਨੀ!
ਬੋਰੀ ਬਸਤੇ ਦਾ ਮੋਢਾ
ਬੰਦਗੀ ਵਣਜ ਬਣਾ
ਦਿਸ਼ਾਹੀਣ ਪ੍ਰਵਾਜ਼ ਨੂੰ
ਚਾਨਣ ਰਾਹੇ ਪਾ।


ਗੁਰਬਖ਼ਸ਼ ਭੰਡਾਲ ਦੀ ਕਵਿਤਾ ਕਿਉਂਕਿ ਧਰਤੀ ਦੇ ਮਨੁੱਖਾਂ ਦੀ ਬਾਤ ਪਾਉਂਦੀ ਹੈ ਅਤੇ ਆਪਣੇ ਆਲੇ-ਦੁਆਲੇ ਵਿਚੋਂ ਸਿਰਜਣਾਤਮਿਕਤਾ ਗ੍ਰਹਿਣ ਕਰਦੀ ਹੈ। ਇਸ ਕਰਕੇ ਉਸਦੀ ਕਵਿਤਾ ਵਿਚ ਸਾਡੇ ਸਭਿਆਚਾਰਕ ਚਿੰਨ-ਪ੍ਰਤੀਕ ਆਪਣੇ ਆਪ ਹੀ ਆ ਜਾਂਦੇ ਹਨ। ਵਿਸ਼ੇਸ਼ ਕਰਕੇ ਪੇਂਡੂ ਰਹਿਤਲ ਦੇ ਝਲਕਾਰੇ ਭੰਡਾਲ ਦੀ ਕਵਿਤਾ ਨੂੰ 'ਸ਼ਬਦਕੋਸ਼ੀ' ਛੋਹ ਪ੍ਰਦਾਨ ਕਰ ਦਿੰਦੇ ਹਨ ਕਿਉਂਕਿ ਜਿਹੜੇ ਸ਼ਬਦ ਡਾ ਭੰਡਾਲ ਆਪਣੀ ਕਵਿਤਾ ਵਿਚ ਪ੍ਰਯੋਗ ਕਰਦਾ ਹੈ, ਉਹਨਾਂ ਵਿਚੋਂ ਬਹੁਤੇ ਸ਼ਬਦਾਂ ਨਾਲ ਨਵੀਂ ਪੀਵੀ ਦਾ ਵਾਹ-ਵਾਸਤਾ ਵੀ ਨਹੀਂ ਰਿਹਾ ਜਿਵੇਂ ਖੂਹ, ਟਿੰਡਾਂ, ਸੱਥਰ, ਸਿਰੜ, ਵੱਟਾਂ, ਨਿਖਸਮੇ ਖੇਤ, ਫਲੇ, ਦੌਣ, ਦਰ, ਬਿਆਈਆਂ, ਫੱਟੀ, ਡੁੱਬਕਾ, ਪੂਰਨੇ, ਖੂੰਡੀ, ਦੇਹਲੀ, ਔਲੂ, ਰੰਬੇ, ਦਾਤੀਆਂ, ਕਹੀਆਂ ਖੇਹ, ਆਦਿ।

ਡਾ ਗੁਰਬਖ਼ਸ਼ ਸਿੰਘ ਭੰਡਾਲ ਦੀ ਸ਼ਾਇਰੀ ਕਿਸੇ ਵਿਸ਼ੇਸ਼ ਆਦਰਸ਼ ਦਾ ਪ੍ਰਚਾਰ ਨਹੀਂ ਕਰਦੀ ਸਗੋਂ ਇਹ ਤਾਂ ਆਦਰਸ਼ਾਂ ਦੇ ਟੁੱਟਣ ਦੀ ਬਾਤ ਪਾਉਂਦੀ ਹੈ। ਪਰ ਇਸਦਾ ਮਤਲਬ ਇਹ ਵੀ ਕਦਾਚਿੱਤ ਨਹੀਂ ਕਿ ਸ਼ਾਇਰੀ ਆਦਰਸ਼ਾਂ ਨੂੰ ਤੋੜਦੀ ਹੈ। ਸਗੋਂ ਅਸਿੱਧੇ ਰੂਪ ਵਿਚ ਉਹ ਉਹਨਾਂ ਆਦਰਸ਼ਾਂ ਦੇ ਪੁਨਰ ਸਿਰਜੇ ਜਾਣ ਲਈ ਹੀ ਹੇਰਵੇ ਦਾ ਇਜ਼ਹਾਰ ਕਰਦਾ ਹੈ ਜਿਹੜੇ ਸਮਾਜਿਕ ਅਤੇ ਮਾਨਸਿਕ ਆਦਰਸ਼ ਅਜੋਕੀ ਭੱਜਦੌੜ ਵਾਲੀ ਜ਼ਿੰਦਗੀ ਨੇ ਚਕਨਾਚੂਰ ਕਰ ਦਿਤੇ ਹਨ। ਉਸਦੀ ਕਵਿਤਾ ਵਿਚ ਛੁੱਪਿਆ ਦਰਦ ਹੈ ਕਿ ਇਹ ਸਥਿੱਤੀਆਂ ਕਿਵੇਂ ਮਨੁੱਖ ਨੂੰ ਤੋੜ-ਮਰੋੜ ਰਹੀਆਂ ਹਨ।। ਉਹ ਉਹਨਾਂ ਰੀਝਾਂ ਅਤੇ ਸੁਪਨਿਆਂ ਨੂੰ ਮਨਾ ਕੇ ਵਾਪਸ ਲਿਆਉਣਾ ਲੋਚਦਾ ਹੈ ਜੋ ਸਾਡੇ ਘਰਾਂ ਦੀਆਂ ਬਰੂਹਾਂ ਬਨੇਰਿਆਂ ਤੋਂ ਖੰਭ ਲਾ ਕੇ ਉਡਦੀਆਂ ਜਾ ਰਹੀਆਂ ਹਨ। ਉਹ ਤਾਂ ਆਪਣੀ ਸ਼ਾਇਰੀ ਦੁਆਰਾ ਮਾਤਮੀ ਮਾਹੌਲ ਬਾਰੇ ਸੁਚੇਤ ਕਰ ਰਿਹਾ ਹੈ ਨਾ ਕਿ ਰੁੱਦਨ ਕਰ ਰਿਹਾ ਹੈ; ਕੁਝ ਖੇਤਾਂ 'ਤੇ ਖੇੜਾ ਵੱਸਦਾ ਤੇ ਜੂਹੇ ਰਹਿਣ ਅਰਦਾਸਾਂ ਉਮੀਦਾਂ, ਉਮੰਗ, ਚਾਅ-ਚਹਿਕਣੀ ਸੱਖਣੀ ਝੋਲੀ ਪਾਸਾਂ।

ਇਹਨਾਂ ਪ੍ਰਸਥਿੱਤੀਆਂ ਤੋਂ ਮੂੰਹ ਮੋੜ ਕੇ ਜ਼ਿੰਦਗੀ ਨਹੀਂ ਜੀਵੀ ਜਾ ਸਕਦੀ। ਜੇਕਰ ਕਵਿਤਾ ਵਿਚ ਹਾਉਕਾ, ਦਰਦ, ਹੂਕ, ਵਿਯੋਗ ਆਦਿ ਵਰਗੇ ਮੈਟਾਫ਼ਰ ਵਰਤੇ ਗਏ ਹਨ ਤਾਂ ਇਹ ਕਵਿਤਾ ਨੂੰ ਪਾਠਕ ਦੇ ਦਿਲ ਦੇ ਨੇੜੇ ਕਰਦੇ ਹਨ। ਭੰਡਾਲ ਦੀ ਸ਼ਾਇਰੀ ਪੜਨਯੋਗ ਵੀ ਹੈ ਅਤੇ ਮਾਨਣਯੋਗ ਵੀ।

ਪਾਠਕ ਇਸਦੀ ਲੈਅ ਅਤੇ ਰਵਾਨੀ ਨੂੰ ਆਪਣੇ ਧੁਰ ਅੰਦਰ ਮਹਿਸੂਸਦਾ ਹੈ। ਇਸ ਸ਼ਾਇਰੀ ਵਿਚ ਗੀਤਆਤਮਿਕਤਾ ਦੀਆਂ ਸੁਰਾਂ ਪਾਠਕ ਦੇ ਦਿਲ ਵਿਚ ਉਤਰ ਜਾਂਦੀਆਂ ਹਨ। ਇਹੀ ਡਾ. ਭੰਡਾਲ ਦੀ ਕਵਿਤਾ ਦਾ ਹਾਸਲ ਹੈ।

ਮੁੱਖੀ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡਿੱਪਸ ਕਾਲਜ, ਢਿਲਵਾਂ, ਕਪੂਰਥਲਾ।
ਫੋਨ 98141-68611




# ਕੋਰੋਨਾ ਕਾਲ ਦਾ ਆਰਥਿਕ ਸੰਕਟ ਬਨਾਮ ਮੱਧ ਵਰਗ

-ਡਾਕਟਰ ਸਰਬਜੀਤ ਸਿੰਘ

ਜਦੋਂ ਵੀ ਕਿਸੇ ਦੇਸ਼ 'ਤੇ ਕੋਈ ਵੀ ਕੁਦਰਤੀ ਸੰਕਟ ਆਉਂਦਾ ਹੈ ਤਾਂ ਬਹੁਤ ਸਾਰਾ ਅਣਕਿਆਸਾ ਨੁਕਸਾਨ ਹੁੰਦਾ ਹੈ। ਇਸ ਵਿੱਚ ਮਨੁੱਖੀ ਜ਼ਿੰਦਗੀਆਂ ਦਾ ਤਾਂ ਨੁਕਸਾਨ ਹੁੰਦਾ ਹੀ, ਨਾਲ ਦੀ ਨਾਲ ਦੇਸ਼ ਦੀ ਆਰਥਿਕਤਾ ਦਾ ਵੀ ਭੱਠਾ ਬੈਠਦਾ ਹੈ। ਇਸ ਸਮੇਂ ਭਾਰਤ ਵੀ ਹੋਰ ਦੇਸ਼ਾਂ ਵਾਂਗ ਇੱਕ ਭਿਆਨਕ ਮਹਾਮਾਰੀ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ, ਜਿਸ ਦਾ ਸਿੱਧਾ ਸੰਬੰਧ ਉਨ੍ਹਾਂ ਲੋਕਾਂ ਨਾਲ ਹੈ, ਜੋ ਜ਼ਿੰਦਗੀ ਜਿਊਣ ਲਈ ਸੰਘਰਸ਼ ਕਰ ਰਹੇ ਹਨ। ਕਿਸੇ ਵੀ ਸਮਾਜ ਵਿੱਚ ਤਿੰਨ ਵਰਗ ਹੁੰਦੇ ਹਨ ਮਿਸਾਲ ਵਜੋਂ ਉਚ ਵਰਗ, ਮੱਧ ਵਰਗ ਅਤੇ ਗਰੀਬੀ ਰੇਖਾ ਤੋਂ ਹੇਠਲਾ ਵਰਗ। ਪਿਛਲੇ ਕੁਝ ਦਿਨਾਂ ਤੋਂ ਕੇਂਦਰ ਤੇ ਰਾਜ ਸਰਕਾਰਾਂ ਦੇ ਫੈਸਲਿਆਂ ਨੇ ਮੱਧ ਵਰਗ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਮੱਧ ਵਰਗ ਵਿੱਚ ਉਹ ਲੋਕ ਹਨ, ਜੋ ਛੋਟੇ ਕਾਰੋਬਾਰੀ ਤੇ ਨੌਕਰੀ ਪੇਸ਼ਾ ਹੁੰਦੇ ਹਨ, ਉਹ ਸਰਕਾਰ ਦੇ ਖਜ਼ਾਨੇ ਵਿੱਚ ਟੈਕਸ ਵਜੋਂ ਆਪਣੀ ਮਿਹਨਤ ਦੀ ਕਮਾਈ ਦਿੰਦੇ ਹਨ। ਇਥੇ ਮਸਲਾ ਪੈਦਾ ਹੁੰਦਾ ਹੈ ਕਿ ਸਰਕਾਰਾਂ ਆਪਣੀ ਆਰਥਿਕਤਾ ਦਾ ਘਾਟਾ ਪੂਰਾ ਕਰਨ ਲਈ ਇਸ ਵਰਗ 'ਤੇ ਹੋਰ ਕਿੰਨਾ ਦਬਾਅ ਪਾ ਸਕਦੀਆਂ ਹਨ। ਰਾਜ ਸਰਕਾਰ ਵੱਲੋਂ ਡੀ ਏ ਨੂੰ ਲਾਗੂ ਨਾ ਕਰਨਾ ਅਤੇ ਡਿਵੈਲਪਮੈਂਟ ਫੰਡ ਦੇ ਨਾਂਅ 'ਤੇ ਤਨਖਾਹ ਕੱਟਣਾ ਪਹਿਲਾਂ ਹੀ ਜਾਰੀ ਹੈ।

ਕਿਸੇ ਵੀ ਕੁਦਰਤੀ ਕਰੋਪੀ ਦੀ ਆੜ ਵਿੱਚ ਨਿੱਜੀ ਸੰਸਥਾਵਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀ ਇੱਕ ਜਾਂ ਦੋ ਦਿਨ ਦੀ ਤਨਖਾਹ ਕੱਟ ਕੇ ਰਾਜਸੀ ਹਿੱਤਾਂ ਲਈ ਵਰਤਣਾ ਆਮ ਜਿਹੀ ਗੱਲ ਹੋ ਚੁੱਕੀ ਹੈ। ਸਾਡੇ ਦੇਸ਼ ਦੀ ਕੁੱਲ ਪੂੰਜੀ 'ਤੇ ਕੁਝ ਕੁ ਘਰਾਣਿਆਂ ਦਾ ਕਬਜ਼ਾ ਹੈ। ਉਹ ਦੇਸ਼ ਦੀ ਆਰਥਿਕ ਸਥਿਤੀ ਨੂੰ ਬਹੁਤ ਜ਼ਿਆਦਾ ਪ੍ਰਭਾਵਤ ਕਰਦੇ ਹਨ। ਕੀ ਇਸ ਸਥਿਤੀ 'ਚ ਉਨ੍ਹਾਂ ਨੂੰ ਸਾਹ-ਮਣੇ ਨਹੀਂ ਆਉਣਾ ਚਾਹੀਦਾ, ਇਹ ਵੀ ਸੋਚਣ ਵਾਲੀ ਗੱਲ ਹੈ। ਕੀ ਸਰਕਾਰਾਂ ਦਾ ਫਰਜ਼ ਨਹੀਂ ਕਿ ਆਮ ਲੋਕਾਂ ਦੀ ਜੇਬ 'ਤੇ ਭਾਰ ਪਾਉਣ ਤੋਂ ਪਹਿਲਾਂ ਅਜਿਹੇ ਘਰਾਣਿਆਂ ਨੂੰ ਕਿਹਾ ਜਾਵੇ ਕਿ ਉਹ ਦੇਸ਼ ਹਿੱਤ ਲਈ ਦਰਿਆਦਿਲੀ ਨਾਲ ਕੰਮ ਕਰਨ। ਦੂਜਾ ਵੱਡਾ ਮਸਲਾ ਉਨ੍ਹਾਂ ਰਾਜਨੀਤਕ ਲੋਕਾਂ ਦਾ ਹੈ, ਜੋ ਕਈ ਦਹਾਕਿਆਂ ਤੋਂ ਦੇਸ਼-ਪ੍ਰਦੇਸ਼ ਦੀ ਸੱਤਾ 'ਤੇ ਕਾਬਜ਼ ਹਨ। ਸਰਕਾਰਾਂ ਇਨ੍ਹਾਂ ਨੇਤਾਵਾਂ ਨੂੰ ਤਨਖਾਹਾਂ ਦੇ ਨਾਲ ਬਹੁਤ ਸਾਰੇ ਵਿੱਤੀ ਲਾਭ ਦਿੰਦੀਆਂ ਹਨ, ਜਿਸ ਵਿੱਚ ਇਨ੍ਹਾਂ ਦੀਆਂ ਪੈਨਸ਼ਨਾਂ ਤੇ ਹੋਰ ਭੱਤੇ ਸ਼ਾਮਲ ਹਨ। ਭਾਰਤ 'ਚ ਕਈ ਲੀਡਰ ਇੱਕ ਤੋਂ ਵੱਧ ਪੈਨਸ਼ਨਾਂ ਲੈ ਰਹੇ ਹਨ। ਕੀ ਸਮੇਂ ਦੀਆਂ ਸਰਕਾਰਾਂ ਨੂੰ ਉਨ੍ਹਾਂ ਲੀਡਰਾਂ ਨੂੰ ਆਪਣੀ ਪੈਨਸ਼ਨਾਂ ਦੇਸ਼ ਹਿੱਤ ਲਈ ਛੱਡਣ ਵਾਸਤੇ ਪ੍ਰੇਰਤ ਨਹੀਂ ਕਰਨਾ ਚਾਹੀਦਾ ਤਾਂ ਜੋ ਇੱਕ ਮੋਟੀ ਰਕਮ ਦੇਸ਼ ਵਾਸਤੇ ਇਕੱਠੀ ਕੀਤੀ ਜਾ ਸਕੇ। ਦੂਜੇ ਪਾਸੇ ਮੁਲਾਜ਼ਮ ਜਦੋ 58 ਸਾਲ ਉਮਰ ਤੱਕ ਦੇਸ਼ ਦੀ ਸੇਵਾ ਕਰਦੇ ਹਨ ਅਤੇ ਰਿਟਾਇਰਮੈਂਟ ਤੋਂ ਬਾਅਦ ਉਨ੍ਹਾਂ ਨੂੰ ਕੋਈ ਪੈਨਸ਼ਨ ਨਹੀਂ ਦਿੱਤੀ ਜਾਂਦੀ ਅਤੇ ਦੇਸ਼ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਦੀ ਆੜ ਵਿੱਚ ਕਟੌਤੀ ਕੀਤੀ ਜਾਂਦੀ ਹੈ ਤਾਂ ਉਹ ਮੁਲਾਜ਼ਮ ਅਤੇ ਮੱਧ ਵਰਗ 'ਤੇ ਕੀਤੀ ਜਾਂਦੀ ਹੈ। ਕੀ ਇਹ ਸਹੀ ਹੈ? ਇਸ ਬਾਰੇ ਸੋਚਣ ਦੀ ਲੋੜ ਹੈ। ਮਹਾਮਾਰੀਆਂ ਸਮੇਂ ਵਿਸ਼ਵ ਦੇ ਹਰ ਦੇਸ਼ ਨੇ ਅਗਾਊਂ ਪ੍ਰਬੰਧ ਕੀਤੇ ਹੁੰਦੇ ਹਨ। ਅਸੀਂ ਵਿਦੇਸ਼ਾਂ ਦੀ ਗੱਲ ਕਰਦੇ ਹਾਂ ਤਾਂ ਕੋਰੋਨਾ ਦੀ ਭਿਆਨਕ ਮਹਾਮਾਰੀ ਵਿੱਚ ਹਰ ਦੇਸ਼ ਆਪਣੇ ਵਸਨੀਕਾਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹਾ ਨਜ਼ਰ ਆਉਂਦਾ ਹੈ। ਜਿੰਨੀ ਸੰਭਵ ਹੋ ਸਕੇ, ਉਹ ਆਪਣੇ ਨਾਗਰਿਕਾਂ ਨੂੰ ਵਿੱਤੀ ਮਦਦ ਕਰਨ ਦੇ ਨਾਲ ਬਿਹਤਰ ਸਿਹਤ ਸਹੂਲਤਾਂ ਵੀ ਦੇ ਰਹੇ ਹਨ, ਜੋ ਬਿਲਕੁਲ ਮੁਫਤ ਹਨ। ਭਾਰਤ ਵਿੱਚ ਅਜਿਹਾ ਨਹੀਂ ਹੈ।

ਇਥੇ ਕੋਰੋਨਾ ਦਾ ਟੈਸਟ ਜੇ ਤੁਸੀਂ ਪ੍ਰਾਈਵੇਟ ਪੱਧਰ 'ਤੇ ਕਰਾਉਣਾ ਚਾਹੋ ਤਾਂ ਤੁਹਾਨੂੰ 4500 ਰੁਪਏ ਫੀਸ ਦੇਣੀ ਪਵੇਗੀ। ਕੀ ਸਾਡੀਆਂ ਸਰਕਾਰਾਂ ਅੱਜ ਦੁੱਖ ਦੀ ਘੜੀ ਵਿੱਚ ਨਿੱਜੀ ਲੈਬਾਰਟਰੀਆਂ ਅਤੇ ਹਸਪਤਾਲਾਂ ਨੂੰ ਫਾਇਦਾ ਪਹੁੰਚਾ ਰਹੀਆਂ ਹਨ ਤੇ ਉਹ ਹਸਪਤਾਲ, ਜਿਨ੍ਹਾਂ ਦੀ ਲੋੜ ਹੋਰ ਬਿਮਾਰੀਆਂ ਲਈ ਵੀ ਹੈ, ਉਹ ਆਮ ਲੋਕਾਂ ਲਈ ਬੂਹੇ ਬੰਦ ਕਰੀ ਬੈਠੇ ਹਨ। ਪੂਰੇ ਵਿਸ਼ਵ ਵਿੱਚ ਸਰਕਾਰਾਂ ਆਮ ਲੋਕਾਂ ਦੀ ਮਦਦ ਕਰਦੀਆਂ ਹਨ, ਪਰ ਭਾਰਤ 'ਚ ਸਰਕਾਰਾਂ ਨੇ ਰਾਹਤ ਕੋਸ਼ ਲਈ ਆਪਣੇ ਪੋਰਟਲ ਬਣਾ ਰੱਖੇ ਹਨ ਤੇ ਲੋਕਾਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਕਿ ਦਾਨ ਕਰਨ। ਟੈਕਸ ਭਰਨ ਵਾਲੇ ਮੱਧ ਵਰਗ ਦੇ ਲੋਕ ਪਹਿਲਾਂ ਹੀ ਸਰਕਾਰ ਦੇ ਖਾਤੇ ਵਿੱਚ ਬਣਦਾ ਯੋਗਦਾਨ ਪਾ ਰਹੇ ਹਨ। ਦੂਜੇ ਪਾਸੇ ਵਿੱਤੀ ਘਰਾਣੇ, ਜੋ ਦੇਸ਼ ਦਾ ਪੈਸਾ ਲੁੱਟ ਕੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ ਅਤੇ ਜੋ ਦੇਸ਼ ਵਿੱਚ ਵੀ ਹਨ, ਉਹ ਅਜਿਹੀ ਮਹਾਮਾਰੀ ਵੇਲੇ ਚੁੱਪ ਬੈਠੇ ਹੋਏ ਹਨ। ਇਸ ਦੁੱਖ ਦੀ ਘੜੀ ਸਰਕਾਰ ਨੇ ਵੀ ਇਹੀ ਮਨ ਬਣਾ ਲਿਆ ਹੈ ਕਿ ਸਾਰਾ ਘਾਟਾ ਆਮ ਲੋਕਾਂ ਤੋਂ ਪੂਰਾ ਕਰਨਾ ਹੈ। ਦੁਨੀਆ ਭਰ 'ਚ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਅੱਜ ਸਿਫਰ ਤੋਂ ਥੱਲੇ ਚਲੇ ਗਈਆਂ ਹਨ, ਪਰ ਭਾਰਤ ਸਰਕਾਰ ਦੇ ਕੰਨ 'ਤੇ ਜੂੰ ਨਹੀਂ ਸਰਕੀ। ਉਹ ਮੋਟੀ ਕਮਾਈ ਪੈਟਰੋਲੀਅਮ ਪਦਾਰਥਾਂ ਵਿੱਚੋਂ ਵੀ ਕਰ ਰਹੀ ਹੈ। ਜਦੋਂ ਕੌਮਾਂਤਰੀ ਪੱਧਰ 'ਤੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਘਟਦੀਆਂ ਹਨ ਤਾਂ ਕੇਂਦਰ ਸਰਕਾਰ ਆਮ ਲੋਕਾਂ ਨੂੰ ਰਾਹਤ ਦੇਣ ਦੀ ਬਜਾਏ ਸਪੈਸ਼ਲ ਐਕਸਾਈਜ਼ ਡਿਊਟੀ ਲਾ ਦਿੰਦੀ ਹੈ। ਮੌਜੂਦਾ ਕੇਂਦਰ ਸਰਕਾਰ ਨੇ ਆਪਣੀ ਆਰਥਿਕ ਵਿਵਸਥਾ ਵਿੱਚ ਇਹ ਕਿਸ ਤਰ੍ਹਾਂ ਦਾ ਪ੍ਰਬੰਧ ਚਲਾਇਆ ਹੈ ਕਿ ਜਿਨ੍ਹਾਂ ਕੀਮਤਾਂ ਦਾ ਸੰਬੰਧ ਸਿੱਧਾ ਲੋਕਾਂ ਦੀ ਜੇਬ 'ਤੇ ਪੈਂਦਾ ਹੈ, ਸਰਕਾਰ ਉਸ ਗੱਲ ਨੂੰ ਵੀ ਲਾਂਭੇ ਕਰ ਰਹੀ ਹੈ। ਸਰਕਾਰੀ ਅੰਕੜਿਆਂ ਮੁਤਾਬਕ ਇਹ ਗੱਲ ਉਦੋਂ ਹੋਰ ਹਾਸੋਹੀਣੀ ਹੋ ਜਾਂਦੀ ਹੈ ਕਿ ਆਮ ਲੋਕਾਂ ਦੇ ਵਾਹਨਾਂ 'ਚ ਪੈਂਦਾ ਡੀਜ਼ਲ, ਪੈਟਰੋਲ ਹਵਾਈ ਜਹਾਜ਼ਾਂ 'ਚ ਪੈਣ ਵਾਲੇ ਫਿਊਲ ਤੋਂ ਵੀ ਮਹਿੰਗਾ ਹੋ ਚੁੱਕਾ ਹੈ। ਕੀ ਸਰਕਾਰ ਨੇ ਤੈਅ ਕਰ ਲਿਆ ਹੈ ਕਿ ਦੇਸ਼ 'ਚ ਅਮੀਰ ਹੋਰ ਅਮੀਰ ਹੋਵੇਗਾ ਅਤੇ ਗਰੀਬ ਹੋਰ ਗਰੀਬ? ਸਰਕਾਰਾਂ ਹਮੇਸ਼ਾ ਲੋਕਾਂ ਦੀ ਬਿਹਤਰੀ ਲਈ ਚੁਣੀਆਂ ਜਾਂਦੀਆਂ ਹਨ। ਇਸ ਲਈ ਉਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਹ ਅਗਾਊਂ ਹੀ ਇਹ ਪ੍ਰਬੰਧ ਕਰ ਕੇ ਰੱਖਣ ਕਿ ਕਿਸੇ ਵੀ ਤਰ੍ਹਾਂ ਦੀ ਕੁਦਰਤੀ ਕਰੋਪੀ ਜਾਂ ਮਹਾਮਾਰੀ ਨਾਲ ਕਿਵੇਂ ਨਜਿੱਠਣਾ ਹੈ।

ਵਿਸ਼ਵ ਵਿੱਚ ਜਿਹੜੇ ਦੇਸ਼ ਏਦਾਂ ਦਾ ਪ੍ਰਬੰਧ ਅਗਾਊਂ ਕਰਦੇ ਹਨ, ਉਹ ਆਪਣੇ ਵਸਨੀਕਾਂ ਦੀ ਜਾਨ ਮਾਲ ਦੀ ਰਾਖੀ ਕਰ ਸਕਦੇ ਹਨ। ਭਾਰਤ ਵਿੱਚ ਸਥਿਤੀ ਕੁਝ ਵੱਖ ਹੈ। ਇਥੇ ਸਿਰਫ ਪ੍ਰਬੰਧ ਦੇ ਨਾਂਅ 'ਤੇ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ, ਪਰ ਜਦੋਂ ਵਿਹਾਰਕ ਰੂਪ 'ਚ ਕੁਦਰਤੀ ਕਰੋਪੀਆਂ ਤੇ ਮਹਾਮਾਰੀਆਂ ਆਉਂਦੀਆਂ ਹਨ ਤਾਂ ਸਾਡੇ ਕੋਲ ਉਸ ਚੀਜ਼ ਦਾ ਕੋਈ ਦਾ ਕੋਈ ਹੱਲ ਨਹੀਂ ਹੁੰਦਾ। ਇਸ ਮਹਾਮਾਰੀ ਵਿੱਚ ਅਸੀਂ ਅਗਾਊਂ ਪ੍ਰਬੰਧ ਕਰ ਸਕਦੇ ਸਾਂ, ਪਰ ਅਸੀਂ ਹਮੇਸ਼ਾ ਵਾਂਗ ਢਿੱਲ ਵਰਤੀ, ਜਿਸ ਦਾ ਖਮਿਆਜ਼ਾ ਦੇਸ਼ ਭੁਗਤ ਰਿਹਾ ਹੈ। ਇਸ ਸਦਕਾ ਦੇਸ਼ ਹਰ ਪੱਖੋਂ ਕਮਜ਼ੋਰ ਹੋਵੇਗਾ। ਮੁਲਾਜ਼ਮ ਵਰਗ ਇਸ ਤਰ੍ਹਾਂ ਦੀ ਭਰਪਾਈ ਕਦੋਂ ਤੱਕ ਕਰਦਾ ਰਹੇਗਾ, ਇਸ ਬਾਰੇ ਸਰਕਾਰਾਂ ਨੂੰ ਸੋਚਣ ਦੀ ਲੋੜ ਹੈ ਤਾਂ ਜੋ ਦੇਸ਼ ਵਿੱਚ ਸੰਤੁਲਨ ਬਣਿਆ ਰਹੇ। ਇੱਕ ਪਾਸੇ ਆਮ ਮੁਲਾਜ਼ਮ ਵਰਗ ਹੈ ਤੇ ਦੂਜੇ ਪਾਸੇ ਇੱਕ ਖਾਸ ਮੁਲਾਜ਼ਮ ਵਰਗ ਹੈ, ਜੋ ਤਨਖਾਹ ਦੇ ਨਾਲ ਹੋਰ ਵੀ ਵੀ ਆਈ ਪੀ ਸਹੂਲਤਾਂ ਮਾਣਦਾ ਹੈ। ਜੇ ਸਰਕਾਰ ਨੇ ਕਿਸੇ ਤਰ੍ਹਾਂ ਦੀ ਕੋਈ ਕਟੌਤੀ ਕਰਨੀ ਹੈ ਤਾਂ ਸਭ ਤੋਂ ਪਹਿਲਾਂ ਵਿੱਤੀ ਘਰਾਣਿਆਂ, ਰਾਜਨੀਤਕ ਲੀਡਰਾਂ ਅਤੇ ਵੀ ਵੀ ਆਈ ਪੀ ਅਫਸਰਾਂ 'ਤੇ ਹੋਣੀ ਚਾਹੀਦੀ ਹੈ।

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ। Pickup ਅਤੇ Drop off ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਜਾਂ ਅਵਤਾਰ ਸਿੰਘ
647-400-0060
ਬਲਬੀਰ: 289-541-5384
ਵੈਨ ਡਰਾਈਵਰ ਦੀ ਲੋੜ ਹੈ। ਤੁਸੀ ਆਪਣੀ ਕਾਰ ਲੈ ਕੇ ਵੀ ਬਰਲਿੰਗਟਨ, ਓਕਵਿੱਲ ਅਤੇ ਮੀਲਟਨ ਜਾ ਸਕਦੇ।

ਕਾਮਿਆਂ ਦੀ ਲੋੜ
ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ। ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

ਹੈਲਪਰ ਦੀ ਲੋੜ ਹੈ
Construction Company
FULL TIME WORK
416-618-3358 | 905-789-7783



PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਪੁਲਿਸ ਤੇ ਜਨਤਾ ਦੇ ਆਪਸੀ ਰਿਸ਼ਤੇ ਨੂੰ ਮੁੜ-ਪਰਿਭਾਸ਼ਿਤ ਕਰਨ ਦਾ ਵੇਲਾ

-ਰਣ ਬਹਾਦਰ ਸਿੰਘ-

ਕੋਰੋਨਾ ਮਹਾਂਮਾਰੀ ਨੇ ਸਾਡੀਆਂ ਬਹੁਤ ਸਾਰੀਆਂ ਸਾਮਾਜਿਕ, ਆਰਥਿਕ, ਰਾਜਨੀਤਕ ਅਤੇ ਵਿਚਾਰਧਾਰਕ ਤਰੁਟੀਆਂ ਨੂੰ ਉਭਾਰਿਆ ਹੈ। ਇਸ ਦੌਰਾਨ ਰਾਜਨੀਤਿਕ ਢਾਂਚਾਗਤ ਉਸਾਰ ਦੇ ਇੱਕ ਹਿੱਸੇ, ਪੁਲਿਸ ਪ੍ਰਬੰਧ ਤੇ ਉਹਦੇ ਕੰਮਕਾਜ ਦੇ ਤਰੀਕੇ 'ਚ ਊਣਤਾਂਈਆਂ ਉੱਘੜਵੇਂ ਰੂਪ ਚ' ਪ੍ਰਗਟ ਹੋਈਆਂ ਹਨ। ਸੁਰਖੀਆਂ ਬਣੀਆਂ ਕਈ ਘਟਨਾਂਵਾਂ ਨੇ ਇੱਕ ਵਾਰ ਫੇਰ ਪੁਲਿਸ ਤੇ ਜਨਤਾ ਦੇ ਆਪਸੀ ਰਿਸ਼ਤਿਆਂ ਤੇ ਸਬੰਧਾਂ ਵੱਲ ਸਾਡਾ ਧਿਆਨ ਕੇਂਦ੍ਰਿਤ ਕੀਤਾ ਹੈ। ਪੁਲਿਸ ਤੇ ਆਮ ਲੋਕਾਂ ਦਰਮਿਆਨ ਵਿਸ਼ਵਾਸਪੂਰਣ ਸਬੰਧਾਂ ਦੀ ਰੜਕਵੀਂ ਘਾਟ ਜੋ ਪਹਿਲਾਂ ਆਮ ਹਾਲਾਤਾਂ ਵੇਲੇ ਵੀ ਆਮ ਨਾਗਰਿਕ ਮਹਿਸੂਸ ਕਰਦਾ ਸੀ, ਉਸਨੂੰ ਇਸ ਮਹਾਂਮਾਰੀ ਨੇ ਹੋਰ ਵੀ ਉੱਘੜਵੇਂ ਰੂਪ ਤੇ ਨਵੇਂ ਪਰਿਪੇਖ ਚ' ਸਾਨੂੰ ਦੇਖਣ ਸਮਝਣ ਦਾ ਮੌਕਾ ਬਖਸ਼ਿਆ ਹੈ।

ਬੇਸ਼ਕ ਪੁਲਿਸ ਦਾ ਅਤੇ ਡਾਕਟਰਾਂ ਤੇ ਨਰਸਾਂ ਦਾ ਕੰਮ ਇਸ ਵੇਲੇ ਬਹੁਤ ਚੁਣੌਤੀਪੂਰਣ ਤੇ ਜੋਖਿਮ ਭਰਿਆ ਹੈ। ਰਾਜ ਤੇ ਉਸ ਦੀਆਂ ਸੰਸਥਾਂਵਾਂ ਵਲੋਂ ਆਮ ਲੋਕਾਂ ਨੂੰ ਉਹਨਾਂ ਦੀ ਸਹਿਵਨ ਤੇ ਸੁਭਾਵਿਕ ਜੀਵਨ ਤੋਰ ਤੋਂ ਹਟਾ ਕੇ, ਤੁਰਨ-ਫਿਰਨ, ਮਿਲਣ-ਗਿਲਣ ਦੇ ਨਵੇਂ ਤਰੀਕਿਆਂ ਅਤੇ ਕੰਮ-ਕਾਰ ਕਰਨ ਦੀਆਂ ਨਵੀਆਂ ਆਦਤਾਂ ਅਨੁਸਾਰ ਢਾਲਣਾ ਤੇ ਢਲਣਾ ਇੱਕ ਔਖਾ ਕਾਰਜ ਹੈ। ਇਸੇ ਕਾਰਣ, ਕਰੋਨਾ ਫੈਲਣ ਤੋਂ ਰੋਕਣ ਲਈ ਲਾਏ ਗਏ ਕਰਫਿਊ /ਤਾਲਾਬੰਦੀ ਸਬੰਧੀ ਨਿਯਮਾਂ ਨੂੰ ਲਾਗੂ ਕਰਾਉਣ ਵੇਲੇ, ਆਮ ਲੋਕਾਂ ਤੇ ਪੁਲਿਸ ਦਰਮਿਆਨ ਤਕਰਾਰ ਦੀਆਂ ਖਬਰਾਂ ਤੇ ਵਿਡੀਉ ਵਗੈਰਾ ਇਨ੍ਹਾਂ ਦਿਨਾਂ ਚ' ਅਸੀਂ-ਤੁਸੀਂ ਆਮ ਦੇਖੀਆਂ ਹਨ। ਇਹ ਤਕਰਾਰਾਂ ਕਈ ਬਾਰ ਬਹਿਸ ਅਤੇ ਤੂੰ-ਤੂੰ ਮੈਂ-ਮੈਂ ਤੋਂ ਸ਼ੁਰੂ ਹੋ ਕੇ ਹਿੰਸਕ ਰੂਪ ਭੀ ਅਖਤਿਆਰ ਕਰ ਲੈਂਦੀਆਂ ਹਨ। ਕਰਫਿਊ/ਤਾਲਾਬੰਦੀ ਦੌਰਾਨ ਲੋਕਾਂ 'ਤੇ ਪੁਲਿਸ ਦੇ ਅੰਨ੍ਹੇਵਾਹ ਵਰ੍ਹਦੇ ਡੰਡੇ ਅਤੇ ਲੋਕਾਂ ਦੀਆਂ ਪੁਲਿਸ ਨਾਲ ਹੁੰਦੀਆਂ ਝੜਪਾਂ, ਕੀ ਇਹ ਨਹੀ ਦਸਦੀਆਂ ਕਿ ਸਾਡੇ ਪੁਲਿਸ ਤੰਤਰ ਦੀ ਸੋਚ ਤੇ ਕੰਮ ਕਰਨ ਦੇ ਤਰੀਕੇ, ਪੁਰਾਣੇ ਤੇ ਸੱਮਸਿਆ ਨੂੰ ਨਜਿੱਠਣ ਦੀ ਬਜਾਏ ਹੋਰ ਉਲਝਾਉਣ ਵਾਲੇ ਹਨ?ਜਦੋਂ ਕਿ ਪ੍ਰਕ੍ਰਿਤਕ ਆਪਦਾਵਾਂ ਤੇ ਰਾਸ਼ਟਰੀ ਸਮੱਸਿਆਂਵਾਂ ਵੇਲੇ ਪੁਲਿਸ ਤੇ ਲੋਕਾਂ ਦਾ ਆਪਸੀ ਤਾਲਮੇਲ ਤੇ ਵਿਸ਼ਵਾਸ਼ ਵਧੇਰੇ ਮਜਬੂਤ, ਅਤੇ ਪੁਲਿਸ ਦੀ ਭੂਮਿਕਾ ਹੋਰ ਵੀ ਜੁੰਮੇਵਾਰਾਨਾ ਤੇ ਸੰਵੇਦਨਸ਼ੀਲ ਹੋਣੀ ਲਾਜਮੀ ਹੈ।

ਪੁਲਿਸ ਅਨੁਸੰਧਾਨ ਤੇ ਵਿਕਾਸ ਬਿਊਰੋ ਦੇ ਮੁਤਾਬਿਕ ਸਾਡੇ ਦੇਸ਼ ਭਾਰਤ ਚ' ਜਨਤਾ ਤੇ ਪੁਲਿਸ ਦੀ ਨਿਸਬਤ ਪ੍ਰਤੀ ਇਕੱ ਲੱਖ ਲੋਕਾਂ ਮਗਰ ੧੯੮ ਪੁਲਿਸ ਮੁਲਾਜਮਾਂ ਦੀ ਹੈ। ਸੰਯੁਕਤ ਰਾਸ਼ਟਰ ਸੰਘ ਦਾ ਮਨੁੱਖੀ ਅਧਿਕਾਰ ਕਮਿਸ਼ਨ ਇਹ ਕਹਿੰਦਾ ਹੈ ਕਿ ਇਹ ਨਿਸਬਤ ਪ੍ਰਤੀ ਇੱਕ ਲੱਖ ਲੋਕਾਂ ਮਗਰ ਘੱਟੋ ਘੱਟ ੨੨੨ ਪੁਲਿਸ ਮੁਲਾਜਮਾਂ ਦੀ ਹੋਣੀ ਚਾਹੀਦੀ ਹੈ। ਓਪਰੋਕਤ ਨਿਸਬਤ ਕੁੱਲ ਜਨਸੰਖਿਆ ਤੇ ਕੁੱਲ ਮੰਜੂਰ ਮੁਲਾਜਮਾਂ ਦੀ ਗਿਣਤੀ ਮਗਰ ਹੈ ਜਦੋਂ ਕਿ ਯਥਾਰਥ ਚ' ਇਹ ਨਿਸਬਤ ਹੋਰ ਘਟ ਜਾਂਦੀ ਹੈ ਕਿਓਂਕਿ ਬਹੁਤ ਸਾਰੀਆਂ ਅਸਾਮੀਆਂ ਖਾਲੀ ਪਈਆਂ ਹਨ। ਇਹਨਾਂ ੧੯੮/ਪ੍ਰਤੀ ਇੱਕ ਲੱਖ ਪੁਲਿਸ ਮੁਲਾਜਮਾਂ ਵਿਚੋਂ ਵੀ ਬਹੁਤ ਸਾਰੇ ਅਖੌਤੀ ਵੀ.ਆਈ.ਪੀ. ਡਿਊਟੀਆਂ ਦੇ ਰਹੇ ਹਨ। ਅਖੌਤੀ ਇਸ ਕਰਕੇ ਕਿ ਜਿਨਾਂ ਮੁਲਾਜਮਾਂ ਨੇ ਇਹਨਾਂ ਵੀ.ਆਈ.ਪੀ ਦੀ ਸੁਰੱਖਿਆ ਕਰਨੀ ਹੈ ਇਹਨਾਂ ਵਿਚੋਂ ਵੀ ਕਿੰਨੇ ਇਹਨਾਂ ਅਧਿਕਾਰੀਆਂ/ਰਾਜਨੇਤਾਂਵਾਂ ਦੇ ਰੋਜ਼ਾਨਾ ਦੇ ਘਰੇਲੂ ਕੰਮ-ਕਾਰ ਕਰਦੇ ਹਨ। ਇਸ ਲਈ ਪ੍ਰਤੀ ਲੱਖ ਲੋਕਾਂ ਮਗਰ ਸਹੀ ਅਰਥਾਂ ਚ' ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਡਿਊਟੀਆਂ ਦੇ ਰਹੇ ਪੁਲਿਸ ਮੁਲਾਜਮਾਂ ਦੀ ਨਫਰੀ ਹੋਰ ਘਟ ਜਾਂਦੀ ਹੈ। ਘਟ ਨਫਰੀ ਅਤੇ



ਆਧੁਨਿਕ ਸਾਜ਼ੋਸਮਾਨ ਦੀ ਤੋਟ ਝੱਲ ਰਹੀ ਪਲਿਸ ਫੋਰਸ ਵਲੋਂ ਕਿਸੇ ਸਥਾਨ ਤੇ ਸਮੇਂ ਚ' ਕਿਸੇ ਵੀ ਕਾਨੂੰਨ ਦੀ ਪ੍ਰਭਾਵੀ ਤਰੀਕੇ ਤੇ ਘੱਟੋ-ਘੱਟ ਉਜਰ ਨਾਲ ਪਾਲਣਾ ਕਰਾਉਣੀ ਕੀ ਲੋਕਾਂ ਦੀ ਜਾਂ ਸਮਾਜ ਦੀ ਸਕ੍ਰਿਅ ਸ਼ਮੂਲੀਅਤ ਤੋਂ ਬਿਨਾਂ ਸੰਭਵ ਹੋ ਸਕਦੀ ਹੈ ?

ਕਰੋਨਾ ਕਰਕੇ ਲਾਏ ਕਰਫਿਊ/ਤਾਲਾਬੰਦੀ ਦੌਰਾਨ ਵਾਪਰ ਰਹੀਆਂ ਹਿੰਸਕ ਘਟਨਾਂਵਾਂ ਚੀਕ ਚੀਕ ਕੇ ਇਸ ਗੱਲ ਵਲ ਇਸ਼ਾਰਾ ਕਰ ਰਹੀਆਂ ਹਨ ਕਿ ਨਾਗਰਿਕਾਂ ਦੀ, ਲੋਕਤੰਤਰੀ ਸੰਸਥਾਂਵਾਂ 'ਤੇ ਆਮ ਕਰਕੇ ਅਤੇ ਪੁਲਿਸ ਤੰਤਰ 'ਤੇ ਖਾਸ ਕਰਕੇ ਵਿਸ਼ਵਾਸ ਚ' ਕਮੀ ਹੈ।

ਪਰ ਇੱਥੇ ਇਹ ਸੋਚਣਾ ਹੋਵੇਗਾ ਕਿ ਪੁਲਿਸ ਤੰਤਰ ਤੇ ਲੋਕਾਂ ਦੇ ਵਿਸ਼ਵਾਸ ਦੀ ਘਾਟ ਪੈਦਾ ਕਿੰ ਹੋਈ ਤੇ ਇਸ ਵਿਸ਼ਵਾਸ ਬਹਾਲੀ ਲਈ ਕੀ ਕੀਤਾ ਜਾ ਸਕਦਾ ਹੈ। ਇਸ ਦੇ 'ਤਰ ਲਈ ਇਸ ਸਵਾਲ ਦਾ ਜਵਾਬ ਦੇਣਾ /ਲੱਭਣਾ ਜਰੂਰੀ ਹੈ ਕਿ ਲੋਕ ਕਾਨੂੰਨ ਦੀ ਪਾਲਣਾ ਅਖਿਰ ਕਰਦੇ ਕਿੰ ਨੇ?ਇਸਨੂੰ ਦੂਸਰੇ ਢੰਗ ਨਾਲ ਵੀ ਪੁੱਛਿਆ ਜਾ ਸਕਦਾ ਹੇ ਕਿ ਲੋਕ ਕਾਨੂੰਨ ਤੋੜਦੇ ਜਾਂ ਭੰਗ ਕਿੰ ਕਰਦੇ ਨੇ?

ਇਸ ਸਬੰਧੀ ਇੱਕ ਮਤ ਇਹ ਹੈ ਕਿ ਕੋਈ ਵਿਅਕਤੀ ਕਾਨੂੰਨ ਤੋੜਨ ਵਜੋਂ ਭਵਿੱਖ ਚ' ਉਸਨੂੰ ਮਿਲਣ ਵਾਲੀ ਸਜਾ ਦੇ ਡਰ ਤੋਂ ਕਾਨੂੰਨ ਦੀ ਪਾਲਣਾ ਕਰਦਾ ਹੈ। ਕਾਨੂੰਨ ਤੋੜਨ ਤੋਂ ਪਹਿਲਾਂ ਵਿਅਕਤੀ ਕਾਨੂੰਨ ਤੋੜਨ ਦੇ ਫਾਇਦੇ ਅਤੇ ਨੁਕਸਾਨਾਂ ਤੇ ਵਿਚਾਰ ਕਰਦਾ ਹੈ। ਅਪਣੇ ਇਸ ਅੰਦਾਜੇ ਚ' ਉਹ,ਕਾਨੂੰਨ ਤੋੜੇ ਜਾਣ ਤੋਂ ਬਾਅਦ ਉਸਦੇ ਫੜੇ ਜਾਣ ਦੀ ਕਿੰਨੀ ਸੰਭਾਵਨਾ ਹੈ ਇਸਦਾ ਵੀ ਅਨੁਮਾਨ ਲਾਂਉਦਾ ਹੈ। ਜੇਕਰ ਉਸਦੇ ਅੰਦਾਜੇ ਚ' ਕਾਨੂੰਨ ਤੋੜਕੇ ਉਸਨੂੰ ਹੋਣ ਵਾਲੇ ਫਾਇਦੇ ਦਾ ਪਲੜਾ ਮਿਲਣ ਵਾਲੀ ਸਜਾ ਦੇ ਮਾਕਾਬਲੇ ਭਾਰਾ ਹੈ, ਤਾਂ ਉਹ ਜੋਖਿਮ ਉਠਾਂਦਾ ਹੈ। ਇਸ ਲਈ ਜੇਕਰ ਸਜਾਂਵਾਂ ਸਖ਼ਤ ਕੀਤੀਆਂ ਜਾਣ ਜਾਂ ਜ਼ੁਰਮਾਨੇ ਵਧਾ ਦਿੱਤੇ ਜਾਣ, ਤਾਂ ਕਿ ਕਾਨੂੰਨ ਤੋੜਨ ਕਾਰਨ ਵਿਅਕਤੀ ਨੂੰ ਹੋਣ ਵਾਲ਼ੇ ਨੁਕਸਾਨ ਦਾ ਪਲ਼ੜਾ ਭਾਰਾ ਹੋ ਜਾਵੇ, ਤਾਂ ਕਾਨੂੰਨ ਦੀ ਲ਼ੰਘਣਾ ਵੀ ਘਟ ਜਾਂਦੀ ਹੈ।

ਕਾਨੂੰਨ ਦੀ ਪਾਲਣਾ ਕੋਈ ਵਿਅਕਤੀ ਕਿਓਂ ਕਰਦਾ ਹੈ ਇਸ ਸਬੰਧੀ ਦੁਜਾ ਸਿਧਾਂਤ ਸਮਾਜਿਕ ਸਿਧਾਂਤ ਹੈ, ਜਿਸ ਅਨੁਸਾਰ ਵਿਅਕਤੀ ਕਾਨੂੰਨ ਦੀ ਪਾਲਣਾ ਅਪਣੀ ਮਰਜੀ ਨਾਲ ਕਰਦਾ ਹੈ ਕਿੰਕਿ ਉਹ, ਕਿਸੇ ਕਾਨੂੰਨ ਨੂੰ ਜਰੂ੍ਰੀ,ਜਾਇਜ਼ ਤੇ ਅਪਣੇ ਹਿਤ ਚ' ਸਮਝਦਾ ਹੈ। ਇੱਥੇ ਕਾਨੂੰਨ ਨੂੰ ਮੰਨਣ ਦੇ ਉਹਦੇ ਫ਼ੈਸਲਾ ਲੈਣ ਚ' ਕਾਨੂੰਨ ਤੋੜਨ ਕਾਰਨ ਉਹਦੀ ਸਮਾਜਿਕ ਸਥਿਤੀ ਤੇ ਪੈਂਦੇ ਪ੍ਰਤਕੂਲ ਅਸਰ ਦੇ ਅੰਦਾਜੇ ਵੀ ਸ਼ਾਮਿਲ ਹੁੰਦੇ ਹਨ।

ਆਧੁਨਿਕ ਰਾਜ ਜਦੋਂ ਕਾਨੂੰਨ ਘੜਦਾ ਜਾਂ ਕਿਸੇ ਸੰਸਥਾ ਦਾ ਨਿਰਮਾਣ ਕਰਦਾ ਹੈ ਤਾਂ ਉਸ ਕਾਨੂੰਨ ਜਾਂ ਸੰਸਥਾ ਦੀ ਇੱਕ ਜਾਇਜ਼ਤਾ (ਲ਼ਗਟਿਮਿਚੇ) ਜਾਂ ਵੈਧਤਾ ਹੁੰਦੀ ਹੈ। ਇਸ ਕਾਨੂੰਨਂ ਜਾਂ ਸੰਸਥਾ ਦੀ ਜਾਇਜ਼ਤਾ, ਉਸ ਕਾਨੂੰਨ ਜਾਂ ਸੰਸਥਾ ਦੇ ਸਮਾਜ ਲਈ ਉਪਯੋਗੀ ਹੋਣ, ਤੇ ਉਹਦੇ (ਕਾਨੂੰਨ ਜਾਂ ਸੰਸਥਾ ਦੇ) ਵਡੇਰੇ ਸਮਾਜਿਕ ਹਿਤਾਂ ਨੂੰ ਸਾਧਣ ਦੇ ਅਨੁਕੂਲ ਹੋਣ ਚ' ਨਿਹਤ ਹੁੰਦੀ ਹੈ। ਇਹਨਾਂ ਗੁਣਾਂ ਕਾਰਨ ਹੀ ਲੋਕ ਉਸ ਕਾਨੂੰਨ ਨੂੰ ਮੰਨਦੇ ਤੇ ਨੈਤਿਕ ਤੋਰ ਤੇ ਉਹਦੀ ਪਾਲਣਾ ਲਈ ਅਪਣੇ ਆਪ ਨੂੰ ਮਜਬੂਰ ਜਾਂ ਬਚਨਬੱਧ ਕਰਦੇ ਹਨ ਕਿੰਕਿ ਲੋਕਾਂ ਨੂੰ ਲਗਦਾ ਹੈ ਕਿ ਇਸ ਕਾਨੂੰਨ ਦੀ ਪਾਲਣਾ ਨਾਲ ਉਹਨਾਂ ਦੇ ਹੀ ਸਵਾਰਥ ਦੀ ਸਿੱਧੀ ਹੋਵੇਗੀ। ਉਦਾਹਾਰਣ ਲਈ ਸੜਕਾਂ ਤੇ ਖੱਬੇ ਹੱਥ ਚੱਲਣ ਦਾ ਕਾਨੂੰਨ ਜਾਂ ਨਿਯਮ ਹੀ ਲੈ ਲਓ। ਜਦੋਂ ਸੜਕ ਤੇ ਆਣ ਤੇ ਜਾਣ ਵਾਲੇ ਇਸ ਨਿਯਮ ਦੀ ਪਾਲਣਾ ਕਰਦੇ ਹਨ ਤਾਂ ਲੋਕਾਂ ਨੂੰ ਲਗਦਾ ਹੈ ਕਿ ਇਹ ਨਿਯਮ ਸਹੂਲਤਪੂਰਣ ਹੈ ਤੇ ਇਸ ਕਾਨੂੰਨ ਦੇ ਮੰਨਣ ਨਾਲ ਦੁਰਘਟਨਾ ਦਾ ਖਤਰਾ ਘੱਟ ਹੈ। ਇਸ ਲਈ ਇਹ ਨਿਯਮ ਵਿਅਕਤੀ ਦੇ ਖੁਦ ਦੇ ਲਈ ਤੇ ਹੋਰਨਾਂ ਲਈ ਭੀ ਫਾਇਦੇਮੰਦ ਹੈ।

ਪੁਲਿਸ ਤੰਤਰ ਦੀ ਜਾਇਜ਼ਤਾ/ਵੈਧਤਾ ਕੇਵਲ ਇਸ ਗੱਲ ਨਾਲ ਹੀ ਸਥਾਪਿਤ ਨਹੀਂ ਹੁੰਦੀ ਕਿ ਪੁਲਿਸ ਤੰਤਰ ਨੂੰ ਰਾਜ ਦੇ ਕਿਸੇ ਕਾਨੂੰਨ ਜਾਂ ਅਧਿਆਦੇਸ਼ ਰਾਹੀਂ ਹੋਂਦ ਚ' ਲਿਆਂਦਾ ਗਿਆ ਹੈ। ਜਾਇਜ਼ਤਾ ਲਈ, ਪੁਲਿਸ ਤੰਤਰ ਦਵਾਰਾ,ਵਿਸਤ੍ਰਿਤ ਸਮਾਜਿਕ ਹਿਤਾਂ ਨੂੰ ਸਾਧਣ ਦੀ ਲੋੜ ਤੇ ਉਪਯੋਗਿਤਾ ਨਾ ਸਿਰਫ ਸਿੱਧ ਹੋਣੀ ਚਾਹੀਦੀ ਹੈ ਬਲਕਿ ਸਿੱਧ 'ਹੁੰਦੀ ਲਗਦੀ' ਦਿਸਣੀ ਵੀ ਚਾਹੀਦੀ ਹੈ।

ਜਾਇਜ਼ਤਾ ਤੋਂ ਬਾਅਦ ਕਾਨੂੰਨ ਲਾਗੂ ਕਰਾਉਣ ਲਈ ਦੂਜੀ ਸ਼ਰਤ ਉਸ ਕਾਨੂੰਨ ਨੂੰ ਲਾਗੂ ਕਰਾਉਣ ਵਾਲੀ ਸੰਸਥਾ ਪ੍ਰਤੀ ਲੋਕਾਂ ਦੇ ਵਿਸ਼ਵਾਸ/ਭਰੋਸੇ ਦੀ ਹੈ। ਇਹ ਵਿਸ਼ਵਾਸਯੋਗਤਾ/ਭਰੋਸੇਯੋਗਤਾ ਤਦੇ ਪੈਦਾ ਹੂੰਦੀ ਹੈ ਜਦੋਂ ਸਬੰਧਤ ਸੰਸਥਾਂ ਅਪਣੇ ਕੰਮ ਕਾਜ ਕਰਨ ਦੇ ਤਰੀਕਿਆਂ ਚ' ਸਥਪਿਤ ਜਾਂ ਨਿਰਧਾਰਿਤ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਦੀ ਹੈ, ਤੇ ਪਾਲਣਾ 'ਕਰਦੀ ਲਗਦੀ' ਦਿਸਦੀ ਵੀ ਹੈ। ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਤੋਂ ਇਲਾਵਾ, ਇਹ ਵਿਸ਼ਵਾਸ ਸਬੰਧਤ ਸੰਸਥਾ ਦੇ ਲੋਕਾਂ ਨਾਲ ਪੇਸ਼ ਅਉਣ ਦੇ ਉਸ ਦੇ ਤਰੀਕੇ/ਸਲੀਕੇ ਤੇ ਕਾਬਲੀਅਤ ਨਾਲ ਵੀ ਸਿੱਧੀ ਨਿਸਬਤ ਚ' ਜੁੜਿਆ ਹੋਇਆ ਹੈ।

ਇਸ ਲਈ ਰਾਜਸ਼ਾਹੀ,ਤਾਨਾਸ਼ਾਹੀ ਜਾਂ ਕੋਈ ਹੋਰ ਰਾਜ ਪ੍ਰਬੰਧ ਦੇ ਮੁਕਾਬਲੇ ਕਿਸੇ ਵੀ ਲੋਕਤੰਤਰੀ ਪ੍ਰਬੰਧ ਚ' ਰਾਜਿਨਿਤਕ ਸੰਸਥਾਂਵਾਂ ਲਈ ਆਮ ਕਰਕੇ ਤੇ ਪੁਲਿਸ ਬਲ ਲਈ ਖਾਸ ਖਰਕੇ ਅਪਣੀ ਭਰੋਸੇਯੋਗਤਾ ਤੇ ਜਾਇਜ਼ਤਾ/ਵੈਧਤਾ(ਲਗਟਿਮਿਚੇ) ਬਣਾਈ ਰੱਖਣੀ ਜਰੂਰੀ ਤੇ ਚੁਨੌਤੀਪੂਰਣ ਕਾਰਜ ਹੈ। ਕਿੰਕਿ ਇਸੇ ਜਾਇਜ਼ਤਾ/ਵੈਧਤਾ ਵਿਚੋਂ ਹੀ ਰਾਜ ਦੀ, ਪੁਲਿਸ ਬਲ ਦੇ ਪ੍ਰਯੋਗ ਜਾਂ ਉਪਯੋਗ ਕਰਨ ਦੀ ਸਮਰਥਾ ਨਿਕਲਦੀ ਹੈ। ਜਿਸ ਪੁਲਿਸ ਬਲ ਜਾਂ ਸੰਸਥਾ ਦੀ ਵੈਧਤਾ ਜਾਂ ਭਰੋਸੇਯੋਗਤਾ ਨੀਵੇਂ ਪੱਧਰ ਤੇ ਹੋਵੇ ਉਸ ਵਾਸਤੇ ਕਿਸੇ ਕਾਨੂੰਨ/ਕਾਇਦੇ ਲਈ ਲੋਕਾਂ ਦੀ ਸਹਿਮਤੀ ਜਾਂ ਪ੍ਰਵਾਨਗੀ ਪ੍ਰਾਪਤ ਕਰਨੀ ਔਖੀ ਹੁੰਦੀ ਹੈ ਤੇ ਸਿੱਟੇ ਵਜੋਂ ਉਸ ਕਾਨੂੰਨ ਨੂੰ ਲਾਗੂ ਕਰਾਉਣ ਚ' ਮੁਸ਼ਕਿਲਾਂ ਪੇਸ਼ ਆਉਂਣੀਆਂ ਸੁਭਾਵਿਕ ਹਨ।

ਹੁਣ ਸਵਾਲ ਹੈ ਕਿ ਸਾਡੀਆਂ ਲੋਕਤੰਤਰੀ ਸੰਸਥਾਂਵਾਂ ਪ੍ਰਤੀ ਲੋਕਾਂ ਦੇ ਭਰੋਸੇ ਚ' ਕਮੀਂ ਕਿਓਂ ਹੈ?ਜਿੱਥੋਂ ਤੱਕ ਪੁਲਿਸ ਤੰਤਰ ਦਾ ਸਬੰਧ ਹੈ, ਥੇ ਇਹ ਗੱਲ ਹਰ ਕੋਈ ਜਾਣਦਾ ਹੈ ਕਿ ਭਾਰਤ ਵਿੱਚ ਪੁਲਿਸ ਪ੍ਰਬੰਧ ਨਾਲ ਲੋਕਾਂ ਦਾ ਨਿੱਤ ਦਿਨ ਦੀ ਜਿੰਦਗੀ ਚ' ਜੋ ਵਾਹ ਪੈਂਦਾ ਹੈ, ਉਸਦਾ ਤਜੁਰਬਾ ਸੁਖਾਂਵਾਂ ਨਹੀਂ ਹੈ। ਸਿਆਸੀ ਅਸਰ ਰਸੂਖ ਤੇ ਅਖੌਤੀ ਪਹੁੰਚ ਤੋਂ ਵਿਰਵਾ ਇਨਸਾਨ ਕਿਸ ਤਰਾਂ ਨਿਆਂਇਕ ਪ੍ਰਕਿਰਿਆ ਦੇ ਇਸ ਮੁਢਲੇ ਪੜਾਅ ਤੇ ਖੱਜਲ਼ ਹੁੰਦਾ ਹੈ ਉਸ ਲਈ ਕੋਈ ਵਿਸ਼ੇਸ਼ ਸਬੂਤ ਦੇਣ ਜਾਂ ਕਿਸੇ ਅਧਿਅਨ ਦੇ ਅੰਕੜੇ ਪੇਸ਼ ਕਰਨ ਦੀ ਇੱਥੇ ਲੋੜ ਨਹੀਂ।

ਪੁਲਿਸ ਤੰਤਰ ਤੇ ਨਾਗਰਿਕਾਂ ਦੀ ਭਰੋਸੇਯੋਗਤਾ ਚ' ਕਮੀ ਦਾ ਦੂਜਾ ਕਾਰਣ ਹੋਰ ਵੀ ਪੇਚੀਦਾ ਪਰ ਮਹੱਵਪੂਰਣ ਹੈ। ਪੁਲਿਸ ਤਾਕਤ ਹੈ,ਬਲ ਹੈ। ਇਹ ਬਲ ਪ੍ਰਯੋਗ ਕਰਨ ਦਾ ਅਧਿਕਾਰ ਰਾਜਨੀਤਿਕ ਸੱਤਾ ਕੋਲ ਹੁੰਦਾ ਹੈ। ਰਾਜਨੀਤਿਕ ਸੱਤਾ ਲਈ ਲੜਾਈ ਚਲਦੀ ਹੈ ਤੇ ਰਾਜਨੀਤਿਕ ਚੌਧਰ ਦੀ ਇਸ ਲੜਾਈ ਚ' ਜਿਸ ਧਿਰ ਕੋਲ ਇਸ ਬਲ ਪ੍ਰਯੋਗ ਦਾ ਅਧਿਕਾਰ ਹੈ ਉਹ ਇਸਦੀ ਵਰਤੋਂ ਅਪਣੇ ਰਾਜਨੀਤਿਕ ਹਿਤਾਂ ਨੂੰ ਸਾਧਣ ਚ' ਕਰਦੀ ਹੈ। ਇਸ ਚ' ਨੁਕਸਾਨ ਉਸ ਸੰਸਥਾ ਦਾ ਹੁੰਦਾ ਹੈ ਕਿਓਂਕਿ ਉਸ ਸੰਸਥਾ ਦੇ ਪ੍ਰਤੀ ਲੋਕਾਂ ਦੇ ਵਿਸ਼ਵਾਸ ਨੂੰ ਖੋਰਾ ਲਗਦਾ ਹੈ। ਇਸ ਵਿਸ਼ਵਾਸ਼ ਨੂੰ ਲੱਗੇ ਖੋਰੇ ਕਾਰਣ ਸੰਸਥਾ ਵਲੋਂ ਕਾਨੂੰਨ ਲਾਗੂ ਕਰਾਉਣ ਦੀ ਸਮਰਥਾ ਤੇ ਨਕਰਾਤਮਕ ਅਸਰ ਹੁੰਦਾ ਹੈ। ਭਾਰਤ ਚ' ਅਪਣੇ ਸਿਆਸੀ ਵਿਰੋਧੀਆਂ ਤੇ ਵਿਰੋਧੀ ਅਵਾਜਾਂ ਨੂੰ ਦਬਾਉਣ, ਹਰਾਉਣ ਤੇ ਜਿੱਚ ਕਰਨ ਲਈ ਪੁਲਿਸ ਦੀ ਵਰਤੋਂ ਦੀਆਂ ਕਹਾਣੀਆਂ ਤੇ ਉਦਾਹਾਰਣਾਂ ਕਿਸੇ ਤੋਂ ਲੁਕੀਆਂ ਹੋਈਆਂ ਨਹੀਂ ਹਨ।

ਉਦਹਾਰਣ ਵਾਸਤੇ ਇਹਨਾਂ ਦਿਨਾਂ ਚ' ਹੀ, ਪੰਜਾਬ ਦੇ ਪੁਲਿਸ ਜਿਲਾ ਖੰਨਾਂ ਦੇ ਇੱਕ ਥਾਣੇ ਤੋਂ ਸੁਰਖੀਆਂ ਚ' ਆਈ ਇੱਕ ਵੀਡੀਓ,ਪੁਲਿਸ ਪ੍ਰਬੰਧ ਚ' ਸਭ ਤੁਰੀਟੀਆਂ ਨੂੰ ਅਪਣੇ ਕਲਾਵੇ ਚ' ਲੈਂਦੀ ਹੈ। ਇਸ ਵੀਡੀਓ ਮੁਤਾਬਿਕ ਸਬੰਧਤ ਥਾਣੇ ਦੇ ਇੰਚਾਰਜ ਨੇ ਪਿਓ ਤੇ ਪੁੱਤਰ ਨੂੰ ਇੱਕ ਜਮੀਨੀ ਮਾਮਲੇ ਸਬੰਧੀ ਸ਼ਿਕਾਇਤ ਦੇ ਅਧਾਰ ਤੇ ਥਾਣੇ ਚ', ਇੱਕ ਦੂਜੇ ਦੇ ਸਾਹਮਣੇ ਨਾ ਸਿਰਫ ਨੰਗਾ ਕੀਤਾ ਬਲਕਿ ਨੰਗਾ ਕਰਕੇ ਉਹਨਾਂ ਦੀ ਵੀਡੀਓ ਵੀ ਬਣਾਈ ਜਾਂ ਬਣਾਉਣ ਦਿੱਤੀ। ਇਹ ਪੁਲਿਸ ਦੇ ਅਮਾਨਵੀ ਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਪੈਰਾਂ ਹੇਠ ਰੋਲਣ, (ਇੱਕ ਹੀ ਪਰਿਵਾਰ ਦੇ ਜੀਆਂ ਨੂੰ ਇੱਕ ਦੂਜੇ ਦੇ ਸਾਹਮਣੇ ਨੰਗਾ ਕਰਨਾ),ਕਾਨੂੰਨੀ ਪ੍ਰਕਿਰਿਆ ਨੂੰ ਛਿੱਕੇ ਟੰਗਣ ਤੇ ਭ੍ਰਿਸ਼ਟਾਚਾਰ ( ਕਿਓਂਕਿ ਇਹ ਉਸਨੇ ਅਪਣੀ ਕਿਸੇ ਸਾਮੀ ਨੂੰ ਜਾਂ ਅਪਣੇ ਕਿਸੇ ਆਕਾ ਨੂੰ ਖੁਸ਼ ਕਰਨ ਲਈ ਕੀਤਾ ਹੋਣਾ),ਗੈਰ ਜਵਾਬਦੇਹੀ (ਕਿਓਂਕਿ ਉਸ ਥਾਣੇਦਾਰ ਦੀ ਅਜੇ ਸਿਰਫ ਬਦਲ਼ੀ ਕੀਤੀ ਗਈ ਹੈ) ਦੀ ਸਭ ਤੋਂ ਟੁੰਬਵੀਂ ਮਿਸਾਲ ਹੈ।

ਵਰਤਮਾਨ ਚ'ਕਰੋਨਾ ਨਾਲ ਉਪਜੀਆਂ ਸਥਿਤੀਆਂ ਨੇ, ਰਾਜਨੀਤਿਕ ਸੱਤਾ ਨੂੰ ਪੁਲਿਸ ਦੀ ਇਸ ਵਰਤੋਂ/ਦੁਰਵਰਤੋਂ ਦੀ ਹੋਰ ਵੀ ਮਜਬੂਤ ਵਜਹ ਤੇ ਮਾਨਤਾ ਦਿੱਤੀ ਹੈ। ਡਰ ਹੈ ਕਿ ਇਸ ਵਜਹ ਤੇ ਮਾਨਤਾ ਦਾ ਪ੍ਰਯੋਗ ਸੱਤਾ ਨੂੰ ਕੰਟਰੋਲ ਕਰਦੀ ਧਿਰ-ਚਾਹੇ ਉਹ ਕਿਸੇ ਵੀ ਪੱਧਰ ਤੇ ਹੋਵੇ-ਅਪਣੇ ਸਿਆਸੀ ਮੁਫਾਦਾਂ ਵਾਸਤੇ ਕਰੇਗੀ।

ਇਸ ਲਈ,ਕਾਨੂੰਨ ਵਿਵਸਥਾ ਮਜਬੂਤ ਕਰਨ ਲਈ,ਨਾਗਰਿਕਾਂ ਵਾਸਤੇ ਬਿਹਤਰ ਸੁਰੱਖਿਆ ਦਾ ਵਾਤਾਵਰਣ ਮੁਹੱਈਆ ਕਰਾਉਣ ਲਈ, ਪੁਲਿਸ ਦੇ ਪ੍ਰਬੰਧ ਤੇ ਕੰਮ-ਕਾਰ ਕਰਨ ਦੇ ਤੌਰ ਤਰੀਕਿਆਂ ਚ' ਤਬਦੀਲੀਆਂ ਕਰਨੀਆਂ ਸਮੇਂ ਦੀ ਲੋੜ ਹੈ। ਪੁਲਿਸ ਤੰਤਰ ਨੂੰ ਸਿਆਸੀ ਦਬਾਅ ਤੇ ਕੰਟਰੋਲ ਤੋਂ ਮੁਕਤ ਕਰਨ ਲਈ ਜਰੂਰੀ ਤੇ ਲਮਕਦੇ ਆ ਰਹੇ ਸੁਧਾਰ, ਫੋਰੀ ਤੌਰ ਤੇ ਕੀਤੇ ਜਾਣ। ਬਦਲੀਆਂ ਪਰਸਥਿਤੀਆਂ ਤੇ ਲੋੜਾਂ ਮੁਤਾਬਿਕ ਪੁਲਿਸ ਕਰਮਚਾਰੀਆਂ ਨੂੰ ਟਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ ਤਾਂ ਕਿ ਨਾਗਰਿਕਾਂ ਨੂੰ ਪੁਲਿਸ ਅਪਣੀ ਦੁਸ਼ਮਣ ਦਿਸਣ ਦੀ ਬਜਾਇ ਉਹਨਾਂ ਦੀ ਤਰੱਕੀ ਤੇ ਸਮਾਜ ਦੀ ਬਿਹਤਰੀ ਦਾ ਇੱਕ ਉਪਕਰਣ ਮਹਿਸੂਸ ਹੋਵੇ। ਪੁਲਿਸ ਤੇ ਜਨਤਾ ਦਰਮਿਆਨ ਪਰਸਪਰ ਵਿਸ਼ਵਾਸ਼ ਤੇ ਸਹਿਯੋਗ ਵਧਾਉਣ ਦੇ ਮਕਸਦ ਨਾਲ ਰਾਜ ਜੇਕਰ ਇਹਨਾਂ ਮਦਾਂ ਤੇ ਖਰਚ/ਨਿਵੇਸ਼ ਕਰਦਾ ਹੈ ਤਾਂ ਜੇਲਾਂ ਤੇ ਖਰਚ ਘਟ ਕੀਤਾ ਜਾ ਸਕਦਾ ਹੈ। ਨਹੀਂ ਤਾਂ ਜੇਲਾਂ, ਜਿਹੜੀਆਂ ਪਹਿਲਾਂ ਹੀ ਅਪਣੀ ਸਮਰਥਾ ਤੋਂ ਜਿਆਦਾ ਬੋਝ ਝੱਲ ਰਹੀਆਂ ਹਨ, ਵਿੱਚ ਹੋਰ ਲੋਕਾਂ ਨੂੰ ਜਜਬ ਕਰਨਾ ਔਖਾ ਹੋਵੇਗਾ।

# ਬਨਾਉਟੀ ਦੁੱਖ ਦਾ 'ਤਮਾਸ਼ਾ' ਕਰਦੇ ਹਨ ਸਾਡੇ ਨੇਤਾ

-ਪੂਨਮ ਆਈ ਕੌਸ਼ਿਸ਼-

ਚੀਨ ਦੇ ਮਹਾਨ ਫੌਜੀ ਨਾਇਕ, ਰਣਨੀਤੀਕ ਮਾਹਰ ਸਨ ਯੂ ਨੇ ਆਪਣੀ ਕਿਤਾਬ 'ਦਿ ਆਰਟ ਆਫ ਵਾਰ' ਵਿੱਚ ਲਿਖਿਆ, ''ਜੇਤੂ ਯੋਧੇ ਪਹਿਲਾਂ ਜਿੱਤ ਪ੍ਰਾਪਤ ਕਰਦੇ ਹਨ ਅਤੇ ਫਿਰ ਜੰਗ ਲੜਦੇ ਹਨ, ਜਦ ਕਿ ਹਾਰੇ ਹੋਏ ਯੋਧੇ ਪਹਿਲਾਂ ਜੰਗ ਲੜਦੇ ਅਤੇ ਫਿਰ ਜਿੱਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ।'' ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਸਾਡੇ ਨੇਤਾ ਅਤੇ ਸੂਬਾ ਸਰਕਾਰਾਂ ਕਿਹੜੀ ਸ਼੍ਰੇਣੀ 'ਚ ਆਉਂਦੀਆਂ ਹਨ, ਨਹੀਂ ਤਾਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ 1 ਰੁਪਏ ਤੋਂ ਲੈ ਕੇ 7 ਰੁਪਏ ਤੱਕ ਦਾ ਵਾਧਾ ਅਤੇ ਸ਼ਰਾਬ 'ਤੇ 70 ਫ਼ੀਸਦੀ ਕੋਰੋਨਾ ਟੈਕਸ ਨਾ ਲਾਇਆ ਜਾਂਦਾ ਅਤੇ ਖਾਸ ਕਰਕੇ ਅਜਿਹੇ ਸਮੇਂ 'ਚ ਜਦੋਂ ਆਮ ਆਦਮੀ ਨੂੰ ਤਨਖ਼ਾਹ 'ਚ ਕਟੌਤੀ ਅਤੇ ਰੋਜ਼ਗਾਰ ਖੁੱਸਣ ਦੇ ਕਾਰਨ ਆਪਣਾ ਮਾਨਸਿਕ ਗੁਜ਼ਰ-ਬਸਰ ਕਰਨ 'ਚ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਰਿਹਾ ਹੈ।

ਕੋਰੋਨਾ ਵਾਇਰਸ ਦੇਸ਼ ਦੀ ਸਿਆਸਤ 'ਚ ਤੁਹਾਡਾ ਸਵਾਗਤ ਹੈ। ਸਾਡੇ ਨੇਤਾਵਾਂ ਦੇ ਤਰਕ ਮੰਨਣ ਤੋਂ ਪਰੇ ਹਨ। ਲਾਕਡਾਊਨ ਕਾਰਨ ਆਮਦਨ ਤੇ ਉਤਪਾਦ ਟੈਕਸ ਦਾ ਨੁਕਸਾਨ ਹੋਇਆ। ਸ਼ਰਾਬੀ ਕੁਝ ਵੀ ਹੋ ਜਾਵੇ ਅਤੇ ਕਿੰਨੇ ਵੀ ਪੈਸੇ ਵਧਾ ਦਿਓ, ਉਹ ਨਸ਼ਾ ਕਰਨਗੇ ਤੇ ਲਾਕਡਾਊਨ ਖ਼ਤਮ ਹੋਣ ਤੋਂ ਬਾਅਦ ਲੋਕ ਸੜਕਾਂ 'ਤੇ ਆਉਣਗੇ, ਇਸ ਲਈ ਮੌਕੇ ਦਾ ਲਾਭ ਉਠਾਇਆ ਜਾਵੇ। ਸ਼ਾਇਦ ਉਹ ਸਹੀ ਹਨ, ਪਰ ਉਨ੍ਹਾਂ ਨੇ ਨਾਗਰਿਕ ਭਲੇ ਦੀ ਅਣਦੇਖੀ ਕੀਤੀ। ਇਹ ਇਸ ਸਮੇਂ 'ਤੇ ਆਮ ਲੋਕਾਂ ਨਾਲ ਧੋਖੇ ਦੇ ਬਰਾਬਰ ਹੈ, ਜਦੋਂ ਉਹ ਪਹਿਲਾਂ ਹੀ ਪ੍ਰੇਸ਼ਾਨ ਹਨ ਅਤੇ ਉਸ ਦਾ ਭਵਿੱਖ ਅਨਿਸ਼ਚਿਤ ਹੈ, ਪਰ ਲੱਗਦਾ ਹੈ ਕਿ ਇਹ ਲੋਕ 'ਸਭ ਸੇ ਬੜ ਰੁਪਈਆ' ਦੇ ਸਿਧਾਂਤ ਤੋਂ ਪ੍ਰੇਰਣਾ ਲੈ ਰਹੇ ਹਨ। ਕੀ ਟੈਕਸ ਦਰਾਂ ਵਿੱਚ ਵਾਧਾ ਅੰਤਿਮ ਉਪਾਅ ਨਹੀਂ ਹੋਣਾ ਚਾਹੀਦਾ ਸੀ? ਖ਼ਾਸ ਕਰ ਕੇ ਉਦੋਂ, ਜਦੋਂ ਵਿਸ਼ਵ ਵਿੱਚ ਤੇਲ ਦੀਆਂ ਕੀਮਤਾਂ ਆਪਣੇ ਸਭ ਤੋਂ ਹੇਠਲੇ ਪੱਧਰ ਤੱਕ ਪਹੁੰਚ ਗਈਆਂ ਹਨ। ਮੰਤਰੀ ਨੌਕਰਸ਼ਾਹ ਤੇ ਪੁਲਸ ਮੁਲਾਜ਼ਮ ਸਰਕਾਰੀ ਵਾਹਨਾਂ 'ਚ ਸਫਰ ਕਰਦੇ ਹਨ ਪਰ ਆਮ ਆਦਮੀ ਦੀ ਜੇਬ 'ਤੇ ਅਸਰ ਪੈਂਦਾ ਹੈ। ਉਨ੍ਹਾਂ ਨੂੰ ਨਾ ਸਿਰਫ ਆਪਣੇ ਕੰਮ ਵਾਲੀ ਥਾਂ, ਸਗੋਂ ਘਰ ਦੇ ਕੰਮਾਂ ਲਈ ਵੀ ਸਫਰ ਕਰਨਾ ਪੈਂਦਾ ਹੈ ਤੇ ਇਹੀ ਨਹੀਂ ਉਨ੍ਹਾਂ ਨੂੰ ਮਹਾਨਗਕਰਾਂ 'ਚ ਅੰਤਹੀਣ ਟ੍ਰੈਫਿਕ ਜਾਮ ਜਾਂ ਵੀ ਆਈ ਪੀ ਮੂਵਮੈਂਟ ਦੇ ਕਾਰਨ ਟ੍ਰੈਫਿਕ ਰੋਕਣ ਨਾਲ ਵੀ ਤੇਲ ਫੂਕਣਾ ਪੈਂਦਾ ਹੈ। ਇਸ ਤੋਂ ਇਲਾਵਾ ਇਸ ਵਾਧੇ ਨਾਲ ਮਾਲ ਅਤੇ ਜ਼ਰੂਰੀ ਸੇਵਾਵਾਂ ਦੀ ਲਾਗਤ 'ਚ ਵੀ ਵਾਧਾ ਹੋਵੇਗਾ, ਪਰ ਸਾਡੇ ਸਿਆਸੀ ਆਗੂਆਂ ਲਈ ਇਹ ਬੇਸਮਝੀ ਵਾਲਾ ਵਾਧਾ ਮਹੱਤਵ ਪੂਰਨ ਨਹੀਂ ਹੈ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਦੇਸ਼ ਲਈ ਤਿਆਗ ਕਰਨ ਦਾ ਸਮਾਂ ਹੈ।

ਇਹੀ ਨਹੀਂ, ਹਰ ਪਾਰਲੀਮੈਂਟ ਮੈਂਬਰ ਨੂੰ ਹਰ ਸਾਲ 4000 ਕਿਲੋਲੀਟਰ ਪਾਣੀ, 50 ਹਜ਼ਾਰ ਯੂਨਿਟ ਬਿਜਲੀ, ਫਰਨੀਚਰ ਲਈ 30 ਹਜ਼ਾਰ ਰੁਪਏ, ਟੈਲੀਫੋਨ 'ਤੇ ਡੇਢ ਲੱਖ ਸਥਾਨਕ ਕਾਲ ਅਤੇ ਮੁਫ਼ਤ ਇੰਟਰਨੈਟ, ਇਸ ਤੋਂ ਇਲਾਵਾ ਹਰ ਤਿੰਨ ਮਹੀਨੇ 'ਚ ਸੋਫਾ ਕਵਰ ਤੇ ਪਰਦਿਆਂ ਦੀ ਧੁਆਈ ਦਾ ਖਰਚ ਵੀ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ ਅਤੇ ਇੱਕ ਸੁਰੱਖਿਆ ਮੁਲਾਜ਼ਮ ਹਰ ਸਮੇਂ ਉਨ੍ਹਾਂ ਨਾਲ ਰਹਿੰਦਾ ਹੈ। ਕੀ ਲੋਕ ਸੇਵਕ ਨੂੰ ਉਸ ਜਨਤਾ ਤੋਂ ਰੱਖਿਆ ਲਈ ਸੁਰੱਖਿਆ ਮੁਲਾਜ਼ਮਾਂ ਦੀ ਲੋੜ ਹੈ, ਜਿਸ ਦੀ ਸੇਵਾ ਕਰਨ ਦੀਆਂ ਉਹ ਸਹੁੰਆਂ ਖਾਂਦੇ ਹਨ ਅਤੇ ਇਨ੍ਹਾਂ ਸਭ ਦਾ ਖਰਚਾ ਆਮ ਆਦਮੀ ਦੇ ਸਿਰ ਪੈਂਦਾ ਹੈ। ਫਿਰ ਵੀ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਇਨ੍ਹਾਂ ਲੋਕ ਸੇਵਕਾਂ ਦੇ ਘਰਾਂ ਦੇ ਬਾਹਰ ਲੰਬੀਆਂ-ਲੰਬੀਆਂ ਲਾਈਨ 'ਚ ਖੜ੍ਹੇ ਰਹਿਣਾ ਪੈਂਦਾ ਹਨ। ਅੱਜ ਦੇਸ਼ ਵਿੱਚ ਗੈਰ-ਸਰਕਾਰੀ ਸੰਗਠਨ, ਗੁਰਦੁਆਰੇ, ਨਾਗਰਿਕ ਸੰਗਠਨ ਆਦਿ ਗਰੀਬ ਅਤੇ ਪ੍ਰਵਾਸੀ ਮਜ਼ਦੂਰਾਂ ਨੂੰ ਭੋਜਨ ਦੇਣ ਵਿੱਚ ਮਦਦ ਕਰ ਰਹੇ ਹਨ, ਪਰ ਚੁਣੇ ਹੋਏ ਪ੍ਰਤੀਨਿਧਾਂ ਤੋਂ ਅਜਿਹੀ ਕਿਸੇ ਪਹਿਲ ਦੀ ਖ਼ਬਰ ਨਹੀਂ ਹੈ ਅਤੇ ਉਹ ਆਪਣੇ ਘਰਾਂ ਦੀਆਂ ਸੁੱਖ-ਸਹੂਲਤਾਂ 'ਚ ਬੰਦ ਹਨ। ਕੀ ਜਨਤਾ ਦੀ ਭਲਾਈ ਉਨ੍ਹਾਂ ਦੇ ਕੰਮਾਂ 'ਚ ਸ਼ਾਮਲ ਨਹੀਂ? ਅੱਜ ਲੱਗਦਾ ਹੈ ਕਿ ਅਸੀਂ ਅਜਿਹੇ ਭਾਰਤ 'ਚ ਰਹਿ ਰਹੇ ਹਾਂ, ਜਿੱਥੇ ਸਿਰਫ ਵੀ ਵੀ ਆਈ ਪੀ ਨੂੰ ਮਹੱਤਵ ਦਿੱਤਾ ਜਾਂਦਾ ਹੈ।

ਟੀ ਵੀ ਮੀਡੀਆ ਹਰ ਰਾਤ ਇਸ ਆਫਤ ਨੂੰ ਵੱਖ-ਵੱਖ ਰੰਗਾਂ 'ਚ ਦਿਖਾਉਂਦਾ ਹੈ। ਉਸ ਲਈ ਇਹ ਇੱਕ ਸਰਕਸ ਬਣ ਗਈ ਹੈ। ਉਨ੍ਹਾਂ ਦੀਆਂ ਚਰਚਾਵਾਂ 'ਚ ਹਰ ਤਰ੍ਹਾਂ ਦੇ ਸਿਆਸੀ ਆਗੂ ਹਿੱਸਾ ਲੈਂਦੇ ਹਨ ਜਿਨ੍ਹਾਂ ਵਿਚਾਲੇ ਤੂੰ-ਤੂੰ, ਮੈਂ-ਮੈਂ ਹੁੰਦੀ ਹੈ ਅਤੇ ਇੱਕ ਦੂਜੇ 'ਤੇ ਉਂਗਲੀ ਉਠਾਉਂਦੇ ਹਨ। ਉਹ ਬਣਾਉਟੀ ਦੁੱਖ ਦਾ ਤਮਾਸ਼ਾ ਕਰਦੇ ਹਨ। ਵਿਰੋਧੀ ਪਾਰਟੀਆਂ ਟੀ ਵੀ ਉਤੇ ਲੜਨ ਲਈ ਉਤਸ਼ਾਹਿਤ ਹੁੰਦੀਆਂ ਹਨ। ਨਵੀਂ ਪੀੜ੍ਹੀ ਪਰਿਪੱਕ ਹੋ ਗਈ ਹੈ, ਇਸ ਲਈ ਨੌਕਰਸ਼ਾਹੀ ਅਤੇ ਪੁਲਸ ਸਮੇਤ ਸਾਡੇ ਸ਼ਾਸਕਾਂ ਨੂੰ ਇਸ ਗੱਲ ਨੂੰ ਸਮਝਣਾ ਹੋਵੇਗਾ ਕਿ ਉਹ ਦਿਨ ਨਹੀਂ ਰਹੇ, ਜਦੋਂ ਨੇਤਾਵਾਂ ਦਾ ਸਨਮਾਨ ਕੀਤਾ ਜਾਂਦਾ ਸੀ। ਅੱਜ ਦੇ ਨੇਤਾਵਾਂ ਨੂੰ ਭਾਰਤ ਦੀ ਹਰ ਸਮੱਸਿਆ ਦਾ ਕਾਰਨ ਮੰਨਿਆ ਜਾਂਦਾ ਹੈ। ਦਿਖਾਵੇ ਨਾਲ ਕੰਮ ਨਹੀਂ ਚੱਲੇਗਾ। ਠੋਸ ਕਦਮ ਚੁੱਕਣੇ ਹੋਣਗੇ। ਜੇ ਸੱਚਾਈ ਤੋਂ ਮੂੰਹ ਮੋੜ ਲਿਆ ਗਿਆ ਤਾਂ ਫਿਰ ਅਵਿਵਸਥਾ ਹੀ ਪੈਦਾ ਹੋਵੇਗਾ।

# ਮਾਂ ਦੀਆਂ ਚਾਰ ਬੁੱਕਲਾਂ

-ਮਨਜੀਤ ਕੌਰ ਬਰਾੜ

ਮੇਰੇ ਪੇਕਿਆਂ ਤੋਂ ਜਦੋਂ ਵੀ ਕੋਈ ਵੇਲੇ ਕੁਵੇਲੇ ਫੋਨ ਆਉਂਦਾ, ਮੇਰੀ ਜਾਨ ਹੀ ਨਿਕਲ ਜਾਂਦੀ। ਮੈਨੂੰ ਲੱਗਦਾ ਕਿ ਕਿਤੇ ਮੇਰੀ ਮਾਂ ਨੂੰ ਨਾ ਕੁਝ ਹੋ ਗਿਆ ਹੋਵੇ। ਉਹ ਅੰਦਾਜ਼ਨ ਅੱਠ ਦਹਾਕੇ ਭੋਗ ਚੁੱਕੀ ਸੀ ਤੇ ਹੁਣ ਕਈ ਸਾਲਾਂ ਤੋਂ ਮੰਜੇ 'ਤੇ ਪਈ ਸੀ। ਬਸ ਕੰਧ ਨੂੰ ਹੱਥ ਪਾ ਕੇ ਆਪਣਾ ਨਿੱਤ ਨੇਮ ਦਾ ਡੰਗ ਸਾਰ ਲੈਂਦੀ ਸੀ। ਮੈਂ ਪੰਦਰਾਂ ਵੀਹ ਦਿਨਾਂ ਬਾਅਦ ਉਸ ਨੂੰ ਮਿਲਣ ਲਈ ਪਿੰਡ ਗੇੜਾ ਮਾਰ ਲੈਂਦੀ। ਉਹ ਹਮੇਸ਼ਾ ਦੀ ਤਰ੍ਹਾਂ ਮੈਨੂੰ ਉਡਕਦੀ ਮਿਲਦੀ। ਜਦੋਂ ਮੈਂ ਜਾਂਦੀ, ਮੈਨੂੰ ਆਪਣੀ ਬੁੱਕਲ 'ਚ ਲੈ ਲੈਂਦੀ, ਮੇਰਾ ਸਿਰ ਪਲੋਸਦੀ, ਪਿਆਰ ਕਰਦੀ ਅਤੇ ਆਪਣੇ ਕੋਲ ਮੰਜੇ 'ਤੇ ਬਿਠਾ ਲੈਂਦੀ। ਮੇਰੇ ਨਾਲ ਬੀਤੇ ਸਮੇਂ ਦੀਆਂ ਗੱਲਾਂ ਛੇੜ ਲੈਂਦੀ। ਸਾਡੇ ਬਚਪਨ ਦੀਆਂ ਗੱਲਾਂ ਯਾਦ ਕਰ ਕੇ ਕਦੇ ਉਹ ਹਸਦੀ, ਕਦੇ ਮੇਰੇ ਪਿਓ ਨੂੰ ਅਤੇ ਆਪਣੇ ਵਿਛੜ ਚੁੱਕੇ ਭੈਣ ਭਰਾਵਾਂ ਨੂੰ ਯਾਦ ਕਰਕੇ ਰੋਣ ਲੱਗ ਜਾਂਦੀ। ਕਈ ਵਾਰ ਮੈਨੂੰ ਕਹਿੰਦੀ, 'ਧੀਏ, ਰੋਟੀ ਕੱਪੜਾ ਤਾਂ ਜੇਲ ਵਿੱਚ ਕੈਦੀਆਂ ਨੂੰ ਵੀ ਮਿਲ ਜਾਂਦਾ ਏ। ਬੁਢਾਪੇ 'ਚ ਲੋੜ ਹੁੰਦੀ ਹੈ ਸਾਥ ਦੀ, ਪਰ ਅੱਜ ਕੱਲ੍ਹ ਤਾਂ ਕੋਈ ਆਪਸ ਵਿੱਚ ਨਹੀਂ ਬੋਲਦਾ, ਮੇਰੇ ਨਾਲ ਕਿਸੇ ਨੇ ਕੀ ਬੋਲਣੇ। ਹਰੇਕ ਦੇ ਹੱਥ ਵਿੱਚ ਫੋਨ ਫੜਿਆ ਹੋਇਆ ਏ ਤੇ ਉਸੇ 'ਤੇ ਅੱਖਾਂ ਗੱਡੀ ਰੱਖਦੇ ਨੇ, 'ਕੱਲੇ ਹੱਸੀ ਜਾਂਦੇ ਨੇ। ਸਾਡੇ ਵੇਲੇ ਇਵੇਂ ਕਰਨ ਵਾਲਿਆਂ ਨੂੰ ਕਹਿੰਦੇ ਸੀ ਜਾਂ ਤਾਂ ਇਹ ਕਮਲਾ ਹੋ ਗਿਆ ਜਾਂ ਫਿਰ ਇਸ ਵਿੱਚ ਕੋਈ ਓਪਰੀ 'ਵਾ ਆ ਗਈ ਏ।'

ਰਾਤ ਨੂੰ ਮੈਂ ਸੌਂ ਜਾਂਦੀ, ਪਰ ਆਪ ਉਹ ਜਾਗਦੀ ਰਹਿੰਦੀ। ਕਦੇ ਮੇਰੇ ਸਿਰ 'ਤੇ ਹੱਥ ਫੇਰਦੀ, ਕਦੇ ਪੈਰ ਦੱਬਦੀ ਕਦੇ ਚਾਦਰ ਖੇਸ ਠੀਕ ਕਰਦੀ ਰਹਿੰਦੀ। ਆਉਣ ਵੇਲੇ ਫੇਰ ਆਪਣੀ ਬੁੱਕਲ 'ਚ ਲੈ ਕੇ ਰੋਣ ਲੱਗ ਜਾਂਦੀ। ਮੈਂ ਮਾਂ ਦੀਆਂ ਭਾਵਨਾਵਾਂ ਨੂੰ ਸਮਝਦੀ ਸੀ। ਉਹ ਇਕੱਲਤਾ ਦੀ ਮਾਰੀ ਪਈ ਸੀ। ਇਹੀ ਕਾਰਨ ਸੀ ਕਿ ਉਹ ਮੈਨੂੰ ਉਡੀਕਦੀ ਰਹਿੰਦੀ। ਜਿਸ ਦਿਨ ਉਸ ਨੂੰ ਮੇਰੇ ਆਉਣ ਦਾ ਪਤਾ ਹੁੰਦਾ, ਉਹ ਹੌਲੀ-ਹੌਲੀ ਤੁਰ ਕੇ ਦਰਵਾਜ਼ੇ ਦੀ ਦਹਿਲੀਜ਼ ਦੇ ਅੰਦਰ ਬਾਹਰ ਪੀੜ੍ਹੀ ਡਾਹ ਕੇ ਬੈਠੀ ਹੁੰਦੀ। ਮੈਂ ਮਾਂ ਨੂੰ ਸਮਝਾਉਂਦੀ ਕਿ ਤੂੰ ਕਿਉਂ ਔਖੀ ਹੋਈ, ਆਉਣਾ ਤਾਂ ਮੈਂ ਅੰਦਰ ਹੀ ਸੀ।

ਉਸ ਦਿਨ ਮਾਂ ਨੇ ਗੱਲਾਂ ਘੱਟ ਕੀਤੀਆਂ, ਪਰ ਰੋਈ ਬਹੁਤਾ। ਮੇਰੇ ਪੁੱਛਣ ਉੱਤੇ ਵੀ ਟਾਲ ਮਟੋਲ ਕਰਦੀ ਰਹੀ। ਜਦੋਂ ਮੈਂ ਖਹਿੜੇ ਪੈ ਗਈ ਤੇ ਭਰੇ ਗਲੇ ਨਾਲ ਰੋਸਾ ਦਿਖਾਇਆ ਤਾਂ ਬੋਲੀ, 'ਮੈਂ ਸੋਚਦੀ ਹਾਂ ਜੇ ਮੈਨੂੰ ਕੁਝ ਹੋ ਗਿਆ ਤਾਂ ਤੂੰ ਰੋਂਦੀ ਆਵੇਂਗੀ। ਤੈਨੂੰ ਚੁੱਪ ਕੌਣ ਕਰਾਊ? ਤੂੰ ਰੋਈ ਨਾ..ਮੈਂ ਹੁਣ ਜਾਣਾ ਹੀ ਹੈ ਧੀਏ, ਉਮਰ ਭੋਗੀ ਬੈਠੀ ਹਾਂ।' ਮਾਂ ਦੀ ਗੱਲ ਸੁਣ ਕੇ ਮੈਂ ਅੰਦਰ ਤੱਕ ਕੰਬ ਗਈ, ਪਰ ਆਪਣੇ ਹਾਵ ਭਾਵ ਚਿਹਰੇ 'ਤੇ ਨਾ ਆਉਣ ਦਿੱਤੇ। ਮਾਂ ਨੂੰ ਜੱਫੀ ਪਾ ਕੇ ਕਿਹਾ, 'ਮਾਂ ਅਜਿਹੀਆਂ ਗੱਲਾਂ ਨਾ ਸੋਚਿਆ ਕਰ, ਕੁਝ ਨਹੀਂ ਹੋਣ ਲਗਾ।' ਗੱਲਾਂ-ਗੱਲਾਂ ਵਿੱਚ ਮਾਂ ਸਹਿਜ ਹੋ ਗਈ, ਪਰ ਮੈਂ ਸੋਚੀ ਜਾਵਾਂ, ਰੱਬਾ, ਤੂੰ ਮਾਂ ਕੀ ਸ਼ੈਅ ਬਣਾਈ, ਜਿਸ ਨੂੰ ਆਪਣੇ ਮਰਨ ਦਾ ਦੁੱਖ ਨਹੀਂ, ਮੇਰੇ ਰੋਣ ਦਾ ਹੈ।

ਫੇਰ ਉਹੀ ਹੋਇਆ, ਜਿਸ ਦਾ ਡਰ ਸੀ। ਇਕ ਦਿਨ ਸੁਨੇਹਾ ਆਇਆ ਕਿ ਮਾਂ ਚਲੀ ਗਈ। ਮੈਂ ਬਹੁਤ ਰੋਈ। ਮੈਨੂੰ ਪਹਿਲੀ ਵਾਰ ਇਸ ਗੱਲ ਦਾ ਅਹਿਸਾਸ ਹੋਇਆ ਕਿ ਜਦੋਂ ਕੋਈ ਵੱਡਾ ਦਰੱਖਤ ਡਿਗਦਾ ਹੈ ਤਾਂ ਪੱਤੇ ਕਿਵੇਂ ਕੰਬਦੇ ਨੇ। ਭੋਗ ਪੈਣ ਤੋਂ ਆਉਣ ਵੇਲੇ ਤੱਕ ਮੈਨੂੰ ਮਾਂ ਬਹੁਤ ਯਾਦ ਆਈ। ਉਸ ਦਾ ਮੈਨੂੰ ਉਡੀਕਣਾ, ਬੁੱਕਲ 'ਚ ਲੈਣਾ, ਅੱਖਾਂ ਭਰ ਕੇ ਮੇਰੇ ਵੱਲ ਵੇਖਣਾ, ਮੁੱਠੀ ਵਿੱਚ ਸ਼ਗਨ ਦੇਣਾ, ਉਸ ਦੀ ਨਿੱਘੀ ਛੋਹ ਅਤੇ ਉਸ ਦਾ ਜਲਦੀ ਗੇੜਾ ਮਾਰਨ ਲਈ ਕਹਿਣਾ ਆਦਿ। ਮਾਂ ਤੋਂ ਬਿਨਾਂ ਘਰ ਸੁੰਨਾ-ਸੁੰਨਾ ਲੱਗਦਾ ਸੀ। ਕਦੇ ਮੈਨੂੰ ਮਾਂ ਮਾਲਾ ਫੇਰਦੀ ਦਿਸਦੀ, ਕਦੇ ਖੂੰਡੀ ਨਾਲ ਤੁਰਦੀ ਦਿਸਦੀ। ਭੋਗ ਪੈਣ ਤੋਂ ਬਾਅਦ ਮੈਂ ਆਪਣੇ ਘਰ ਵਾਪਸ ਆ ਗਈ ਅਤੇ ਨਾਲ ਲੈ ਆਈ ਮਾਂ ਦੀ ਮਿੱਠੀ ਯਾਦ।

ਕੁਝ ਦਿਨਾਂ ਬਾਅਦ ਮੇਰਾ ਭਰਾ ਮੈਨੂੰ ਲੈਣ ਆ ਗਿਆ। ਮੈਂ ਅੰਦਰ ਬਾਹਰ ਵੜਦੀ ਫਿਰਾਂ। ਮੈਂ ਕਿਵੇਂ ਆਖਾਂ, ਵੀਰ ਮੈਂ ਨਹੀਂ ਜਾਣਾ ਓਸ ਘਰੇ, ਉਥੇ ਮੇਰਾ ਕੀ ਹੈ ਹੁਣ? ਮਾਂ ਦਾ ਖਾਲੀ ਕਮਰਾ ਤੇ ਖਾਲੀ ਮੰਜਾ ਮੇਰੇ ਤੋਂ ਵੇਖ ਨਹੀਂ ਹੋਣਾ। ਮੈਂ ਰੋਂਦੀ ਹੋਈ ਵੀਰ ਨਾਲ ਆ ਗਈ। ਸਾਰੇ ਰਸਤੇ ਮੇਰੀ ਅੱਖ ਨਾ ਸੁੱਕੀ। ਹੰਝੂਆਂ ਨਾਲ ਭਰੀਆਂ ਅੱਖਾਂ ਵਿੱਚੋਂ ਮੈਨੂੰ ਮਾਂ ਦੇ ਝੌਲੇ ਪਈ ਗਏ। ਜਦੋਂ ਮੈਂ ਘਰੇ ਵੜੀ, ਮੇਰੀ ਵੱਡੀ ਭਾਬੀ ਨੇ ਭੱਜ ਕੇ ਮੈਨੂੰ ਬੁੱਕਲ 'ਚ ਲੈ ਲਿਆ। ਫੇਰ ਦੂਜੀ ਨੇ, ਤੀਜੀ ਨੇ ਤੇ ਬਾਅਦ ਵਿੱਚ ਛੋਟੀ ਨੇ। ਸਾਰੀਆਂ ਨੇ ਚੁੱਪ ਕਰਾਇਆ, ਪਿਆਰ ਕੀਤਾ, ਹੌਂਸਲਾ ਦਿੱਤਾ ਮਾਂ ਦੀਆਂ ਗੱਲਾਂ ਕਰਦੀਆਂ ਰਹੀਆਂ। ਜਿਸ ਕਮਰੇ ਵਿੱਚ ਮਾਂ ਇਕੱਲੀ ਬੈਠੀ ਰਹਿੰਦੀ ਸੀ, ਅੱਜ ਉਸ ਕਮਰੇ ਵਿੱਚ ਮੇਰੇ ਭਰਾ, ਭਤੀਜੇ ਭਤੀਜੀਆਂ ਅਤੇ ਸਾਰੀਆਂ ਭਾਬੀਆਂ ਮੇਰੇ ਕੋਲ ਬੈਠੀਆਂ ਸਨ। ਅਜਿਹੀ ਰੌਣਕ ਨੂੰ ਮੇਰੀ ਮਾਂ ਤਰਸਦੀ ਮਰ ਗਈ।

ਵਾਪਸੀ ਤੇ ਮੇਰਾ ਮਨ ਸ਼ਾਂਤ ਸੀ। ਬੇਸ਼ੱਕ ਮਾਂ ਦੀ ਬੁੱਕਲ ਨਹੀਂ ਸੀ ਰਹੀ, ਪਰ ਮੈਨੂੰ ਭਾਬੀਆਂ ਦੀਆਂ ਬੁੱਕਲਾਂ 'ਚੋਂ ਮਾਂ ਦੀ ਬੁੱਕਲ ਵਰਗਾ ਨਿੱਘ ਤੇ ਪਿਆਰ ਮਿਲਿਆ ਸੀ। ਮੈਨੂੰ ਗੱਲ ਦਾ ਅਹਿਸਾਸ ਹੋਇਆ ਕਿ ਜਦੋਂ ਤੱਕ ਬਜ਼ੁਰਗਾਂ ਦਾ ਸਾਇਆ ਸਿਰ 'ਤੇ ਹੁੰਦਾ ਹੈ, ਬੱਚੇ ਆਪਣੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਤੋਂ ਅਵੇਸਲੇ ਰਹਿੰਦੇ ਹਨ, ਜਦੋਂ ਉਹ ਸਾਇਆ ਸਿਰ ਤੋਂ ਉਠ ਜਾਂਦਾ ਹੈ ਤਾਂ ਸਾਰਿਆਂ ਨੂੰ ਆਪਣੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣੀਆਂ ਯਾਦ ਆ ਜਾਂਦੀਆਂ ਹਨ। ਕਾਸ਼! ਇਹ ਸਭ ਉਨ੍ਹਾਂ ਦੇ ਜਿਉਂਦੇ ਜੀਅ ਹੁੰਦਾ ਹੋਵੇ ਤਾਂ ਬਜ਼ੁਰਗਾਂ ਨੂੰ ਆਪਣਾ ਬੁਢੇਪਾ ਬੋਝ ਨਾ ਲੱਗੇ।

# ਸ਼ਰਾਬੀਆਂ ਦਾ ਵਿਲੱਖਣ ਸੰਸਾਰ

-ਹਰਬੰਸ ਸਿੰਘ ਕੁਲਾਰ

ਉਸ ਸਮੇਂ ਮੈਂ ਧਨੌਲੇ ਨੇੜੇ ਹਰੀਗੜ੍ਹ ਵਿੱਚ ਐੱਸ ਡੀ ਓ ਨਿਯੁਕਤ ਸੀ। ਉਨ੍ਹਾਂ ਦਿਨਾਂ ਵਿੱਚ 31 ਮਾਰਚ ਨੂੰ ਸਾਲ ਦਾ ਬਜਟ ਬੁੱਕ ਕਰਨ ਖਾਤਰ ਪੂਰਾ ਦਿਨ ਦਫਤਰ ਲੱਗਦਾ ਸੀ। ਮੈਂ ਵੀ ਉਸ ਦਿਨ ਚਾਰ ਜੇ ਈਜ਼ ਨਾਲ ਇਸ ਕੰਮ 'ਚ ਰੁੱਝਿਆ ਰਿਹਾ। ਉਦੋਂ 31 ਮਾਰਚ ਦਾ ਦਿਨ ਇੱਕ ਤਿਉਹਾਰ ਦੀ ਤਰ੍ਹਾਂ ਜਾਪਦਾ ਸੀ। ਸ਼ਾਮ ਵੇਲੇ ਜੇ ਈ ਦੇਰ ਰਾਤ ਤੱਕ ਇੱਕ ਅਹਾਤੇ ਵਿੱਚ ਬੈਠੇ ਜਸ਼ਨ ਮਨਾਉਂਦੇ ਰਹੇ। ਅਗਲੇ ਦਿਨ 10 ਕੁ ਵਜੇ ਇੱਕ ਜੇ ਈ ਮੇਰੇ ਕੋਲ ਆਇਆ ਤੇ ਕਿਹਾ ਕਿ ਸਰ, ਰਾਤ ਮੇਰਾ ਮੋਟਰ ਸਾਈਕਲ ਚੋਰੀ ਹੋ ਗਿਆ। ਮੈਂ ਹੈਰਾਨ ਹੋ ਕੇ ਪੁੱਛਿਆ; ਕਿਵੇਂ? ਉਸ ਨੇ ਜਵਾਬ ਨੇ ਜਵਾਬ ਨਾ ਦਿੱਤਾ। ਕਈ ਦਿਨ ਲੰਘ ਗਏ। ਮੈਂ ਉਸ ਨੂੰ ਮੋਟਰ ਸਾਈਕਲ ਬਾਰੇ ਰੋਜ਼ ਪੁੱਛ ਲੈਂਦਾ ਸੀ, ਪਰ ਉਹ ਟਾਲ ਜਾਂਦਾ।

ਇੱਕ ਦਿਨ ਉਹ ਆਪਣੇ ਹੱਥ ਵਿੱਚ ਮਠਿਆਈ ਦਾ ਡੱਬਾ ਫੜੀ ਦਫਤਰ ਅੰਦਰ ਦਾਖਲ ਹੋਇਆ ਅਤੇ ਕਿਹਾ, 'ਸਰ ਜੀ, ਮੁਬਾਰਕਾਂ! ਮੇਰਾ ਮੋਟਰ ਸਾਈਕਲ ਲੱਭ ਗਿਆ।' ਮੈਂ ਪੁੱਛਿਆ; ਕਿਵੇਂ? ਉਸ ਨੇ ਦੱਸਿਆ ਕਿ 31 ਮਾਰਚ ਸ਼ਾਮ ਨੂੰ ਪੈੱਗ-ਸ਼ੈੱਗ ਲਾਉਣ ਲਈ ਅਸੀਂ ਚਾਰੇ ਜੇ ਈ ਇੱਕ ਅਹਾਤੇ ਵਿੱਚ ਜਾ ਬੈਠੇ। ਉਥੇ ਸਭ ਨੇ ਦਾਰੂ ਪੀਤੀ, ਪਰ ਮੈਂ ਜ਼ਿਆਦਾ ਪੀ ਗਿਆ। ਘਰ ਨੂੰ ਵਾਪਸ ਜਾਂਦੇ ਸਮੇਂ ਮੈਂ ਰਸਤੇ ਵਿੱਚ ਇੱਕ ਥਾਂ ਪਿਸ਼ਾਬ ਕਰਨ ਲਈ ਆਪਣਾ ਮੋਟਰ ਸਾਈਕਲ ਖੜਾ ਕੀਤਾ ਤਾਂ ਨਸ਼ੇ ਵਿੱਚ ਜ਼ਿਆਦਾ ਹੋਣ ਕਾਰਨ ਮੈਂ ਆਪਣਾ ਮੋਟਰ ਸਾਈਕਲ ਭੁੱਲ ਗਿਆ। ਨੇੜੇ ਤੋਂ ਲੰਘ ਰਹੇ ਰਿਕਸ਼ਾ ਵਾਲੇ ਨੂੰ ਰੋਕ ਕੇ ਉਸ 'ਤੇ ਆਪਣੇ ਘਰ ਪਹੁੰਚ ਗਿਆ। ਅਗਲੇ ਦਿਨ ਨਸ਼ਾ ਉਤਰਨ 'ਤੇ ਮੋਟਰ ਸਾਈਕਲ ਘਰ ਵਿੱਚ ਵਿਖਾਈ ਨਾ ਦਿੱਤਾ ਤਾਂ ਮੈਂ ਪਤਨੀ ਨੂੰ ਪੁੱਛਿਆ ਕਿ ਮੇਰਾ ਮੋਟਰ ਸਾਈਕਲ ਕਿੱਥੇ ਹੈ? ਉਸ ਨੇ ਕਿਹਾ ਕਿ ਤੁਸੀਂ ਰਾਤ ਰਿਕਸ਼ੇ 'ਤੇ ਆਏ ਸੀ, ਮੋਟਰ ਸਾਈਕਲ ਤਾਂ ਲੈ ਕੇ ਨਹੀਂ ਆਏ। ਇਹ ਸੁਣ ਕੇ ਮੈਂ ਸੁੰਨ ਜਿਹਾ ਹੋ ਗਿਆ। ਕਈ ਦਿਨ ਮੈਂ ਮੋਟਰ ਸਾਈਕਲ ਦੀ ਭਾਲ ਕਰਦਾ ਰਿਹਾ, ਪਰ ਕੱਲ੍ਹ ਜਦੋਂ ਮੈਂ ਪੈਟਰੋਲ ਪੰਪ ਦੇ ਨੇੜੇ ਤੋਂ ਆਪਣੇ ਘਰ ਜਾਣ ਲਈ ਲੰਘਣ ਲੱਗਾ ਤਾਂ ਪੈਟਰੋਲ ਪੰਪ ਦੇ ਮਾਲਕ ਨੇ ਮੈਨੂੰ ਆਵਾਜ਼ ਮਾਰ ਕੇ ਕਿਹਾ; ਸਰਦਾਰ ਜੀ, ਆਪਣਾ ਮੋਟਰ ਸਾਈਕਲ ਲੈ ਜਾਵੋ। ਆਵਾਜ਼ ਸੁਣ ਕੇ ਮੈਂ ਹੈਰਾਨ ਰਹਿ ਗਿਆ। ਜਦੋਂ ਉਧਰ ਨਜ਼ਰ ਮਾਰੀ ਤਾਂ ਮੇਰਾ ਮੋਟਰ ਸਾਈਕਲ ਉਨ੍ਹਾਂ ਦੇ ਸ਼ੈਡ ਵਿੱਚ ਖੜਾ ਵਿਖਾਈ ਦਿੱਤਾ।

ਮੈਂ ਉਸ ਨੂੰ ਪੁੱਛਿਆ ਕਿ ਮੇਰਾ ਮੋਟਰ ਸਾਈਕਲ ਇਥੇ ਕਿਵੇਂ ਆਇਆ। ਉਸ ਨੇ ਮੁਸਕਰਾਉਂਦੇ ਹੋਏ ਕਿਹਾ ਕਿ ਸਾਹਿਬ ਜੀ, ਅਸਲ ਵਿੱਚ ਕੁਝ ਦਿਨ ਪਹਿਲਾਂ ਰਾਤ ਨੂੰ ਤੁਸੀਂ ਪੈਟਰੋਲ ਪੰਪ ਸਾਹਮਣੇ ਆਪਣਾ ਮੋਟਰ ਸਾਈਕਲ ਖੜ੍ਹਾ ਕਰ ਕੇ ਪਿਸ਼ਾਬ ਕਰਨ ਤੋਂ ਬਾਅਦ ਨਜ਼ਦੀਕ ਤੋਂ ਲੰਘ ਰਹੇ ਰਿਕਸ਼ੇ ਉੱਤੇ ਬੈਠ ਕੇ ਚਲੇ ਗਏ ਸੀ। ਅਸੀਂ ਸੋਚਿਆ ਕਿ ਇਹ ਸਰਦਾਰ ਜੀ ਸਾਡੇ ਤੋਂ ਪੈਟਰੋਲ ਪਵਾਉਂਦੇ ਹਨ। ਇਸ ਲਈ ਮੈਂ ਮੋਟਰ ਸਾਈਕਲ ਅੰਦਰ ਲਗਵਾ ਦਿੱਤਾ। ਅੱਜ ਤੁਹਾਨੂੰ ਵੇਖ ਕੇ ਮੈਂ ਮੋਟਰ ਸਾਈਕਲ ਸਪੁਰਦ ਕਰਨ ਲਈ ਆਵਾਜ਼ ਦਿੱਤੀ ਹੈ। ਮੋਟਰ ਸਾਈਕਲ ਵੇਖ ਕੇ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।

ਸਾਰੀ ਗੱਲ ਸੁਣ ਕੇ ਮੈਂ ਹੱਸੇ ਬਿਨਾਂ ਨਾ ਰਹਿ ਸਕਿਆ।

ਹਰੀਗੜ੍ਹ ਤੋਂ ਬਾਅਦ ਮੇਰੀ ਬਦਲੀ ਪਟਿਆਲੇ ਹੋ ਗਈ। ਮੈਂ ਆਪਣਾ ਮਕਾਨ ਬਣਾ ਕੇ ਪੱਕੇ ਤੌਰ 'ਤੇ ਪਟਿਆਲੇ ਰਹਿਣ ਲੱਗ ਪਿਆ। ਇੱਕ ਵਾਰੀ ਮੈਨੂੰ ਆਪਣੇ ਦਫਤਰ ਬੈਠੇ ਨੂੰ ਮੇਰੇ ਸਾਂਢੂ ਦਾ ਫੋਨ ਆਇਆ ਕਿ ਉਹ ਪਟਿਆਲੇ ਇੱਕ ਵਿਆਹ 'ਤੇ ਆਇਆ ਹੈ। ਉਹ ਅਤੇ ਉਹਦਾ ਦੋਸਤ ਅੱਜ ਰਾਤ ਮੇਰੇ ਕੋਲ ਠਹਿਰਨਗੇ। ਸ਼ਾਮ ਨੂੰ ਮੈਂ ਉਡੀਕਦਾ ਰਿਹਾ। ਨਾ ਆਉਣ 'ਤੇ ਮੇਰਾ ਨੌਕਰ ਵੀ ਆਪਣੇ ਘਰ ਚਲਾ ਗਿਆ। ਫਿਰ ਅਚਾਨਕ ਰਾਤ ਨੌਂ ਵਜੇ ਦੇ ਕਰੀਬ ਸਾਂਢੂ ਸਾਹਿਬ ਆਪਣੇ ਦੋਸਤ ਨਾਲ ਆ ਪਧਾਰੇ। ਉਸ ਸਮੇਂ ਉਹ ਦੋਵੇਂ ਨਸ਼ੀ ਵਿੱਚ ਟੱਲੀ ਸਨ।

ਆਉਂਦੇ ਹੀ ਉਨ੍ਹਾਂ ਨੇ ਹੋਰ ਸ਼ਰਾਬ ਦੀ ਮੰਗ ਕੀਤੀ। ਮੈਂ ਬੋਤਲ ਉਨ੍ਹਾਂ ਨੂੰ ਪੇਸ਼ ਕਰ ਦਿੱਤੀ। ਮੈਂ ਕਿਹਾ ਕਿ ਭਰਾਵੋ ਨੌਕਰ ਤਾਂ ਮੇਰਾ ਚਲਾ ਗਿਆ ਹੈ। ਰੋਟੀ ਆਪਾਂ ਨੂੰ ਹੋਟਲ 'ਤੇ ਖਾਣੀ ਪਵੇਗੀ। ਮੈਂ ਡਿੱਗਦੇ ਢਹਿੰਦਿਆਂ ਨੂੰ ਆਪਣੀ ਕਾਰ ਵਿੱਚ ਬਿਠਾ ਕੇ ਇੱਕ ਹੋਟਲ 'ਤੇ ਲੈ ਗਿਆ। ਹੋਟਲ ਵਾਲੇ ਨੂੰ ਤਿੰਨ ਥਾਂ ਰੋਟੀ ਲਗਾਉਣ ਲਈ ਕਿਹਾ, ਰੋਟੀ ਤੋਂ ਪਹਿਲਾਂ ਉਹ ਦੋ-ਦੋ ਪੈਗ ਹੋਰ ਖਿੱਚ ਗਏ। ਜਦੋਂ ਰੋਟੀ ਮੇਜ਼ 'ਤੇ ਲੱਗੀ ਤਾਂ ਮੇਰੇ ਸਾਂਢੂ ਦਾ ਦੋਸਤ ਪਿਸ਼ਾਬ ਕਰਨ ਜਾਣ ਲਈ ਟੇਬਲ ਤੋਂ ਉਠ ਕੇ ਚਲਾ ਗਿਆ ਤੇ ਵਾਪਸ ਨਾ ਆਇਆ। ਅਸੀਂ ਉਸ ਨੂੰ ਉਡੀਕਦੇ ਰਹੇ, ਪਰ ਉਹ ਨਾ ਆਇਆ।

ਅਖੀਰ ਮੈਂ ਆਪਣੇ ਸ਼ਰਾਬੀ ਸਾਂਢੂ ਨੂੰ ਕਾਰ ਵਿੱਚ ਬਿਠਾ ਕੇ ਘਰ ਲੈ ਆਇਆ। ਉਸ ਸਮੇਂ ਉਸ ਨੂੰ ਬਿਲਕੁਲ ਸੁਰਤ ਨਹੀਂ ਸੀ। ਅਗਲੇ ਦਿਨ ਸਵੇਰੇ ਪੰਜ ਵਜੇ ਉਠ ਕੇ ਉਸ ਨੇ ਪੁੱਛਿਆ ਕਿ ਉਸ ਦਾ ਸਾਥੀ ਕਿੱਥੇ ਹੈ? ਮੈਂ ਕਿਹਾ ਕਿ ਉਹ ਰਾਤ ਪਿਸ਼ਾਬ ਕਰਨ ਗਿਆ ਮੁੜ ਕੇ ਨਹੀਂ ਆਇਆ। ਉਸ ਨੂੰ ਫਿਕਰ ਹੋ ਗਿਆ ਤੇ ਆਪਣੀ ਢੱਠੀ ਹੋਈ ਪੱਗ ਸਿਰ 'ਤੇ ਰੱਖ ਕੇ ਮੇਰੇ ਨਾਲ ਗੱਲਬਾਤ ਕੀਤੇ ਬਿਨਾਂ ਬਹਾਦਰਗੜ੍ਹ ਨੂੰ ਚਲਾ ਗਿਆ। ਕੁਝ ਦੇਰ ਬਾਅਦ ਮੈਨੂੰ ਫੋਨ ਆਇਆ ਕਿ ਫਿਕਰ ਨਾ ਕਰਿਓ, ਬੰਦਾ ਲੱਭ ਗਿਆ ਹੈ।

# ਕੋਰੋਨਾ ਦੇ ਸ਼ੱਕੀ ਹਿੰਦੂ ਮਜ਼ਦੂਰ ਦੀ ਮੌਤ, ਮੁਸਲਿਮ ਦੋਸਤ ਅੰਤਿਮ ਸਾਹ ਤੱਕ ਸੇਵਾ ਕਰਦਾ ਰਿਹਾ

ਸ਼ਿਵਪੁਰੀ, 18 ਮਈ (ਪੋਸਟ ਬਿਊਰੋ)- ਗੁਜਰਾਤ ਦੇ ਸੂਰਤ ਤੋਂ ਉਤਰ ਪ੍ਰਦੇਸ਼ ਦੇ ਬਸਤੀ ਜ਼ਿਲ੍ਹੇ ਵਿੱਚ ਆਪਣੇ ਘਰ ਜਾ ਰਹੇ 24 ਸਾਲ ਪ੍ਰਵਾਸੀ ਹਿੰਦੂ ਮਜ਼ਦੂਰ ਅੰਮ੍ਰਿਤ ਕੁਮਾਰ ਨੇ ਕੱਲ੍ਹ ਰਾਤ ਇਥੇ ਇੱਕ ਹਸਪਤਾਲ ਵਿੱਚ ਦਮ ਤੋੜ ਦਿੱਤਾ। ਉਹ ਕੋਰੋਨਾ ਵਾਇਰਸ ਦਾ ਸ਼ੱਕੀ ਮਰੀਜ਼ ਸੀ। ਉਸ ਦੇ ਬਚਪਨ ਦੇ ਮੁਸਲਿਮ ਦੋਸਤ ਮੁਹੰਮਦ ਸਯੂਬ (22) ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਦੋਸਤੀ ਦੀ ਫਰਜ਼ ਨਿਭਾਇਆ ਅਤੇ ਆਪਣੇ ਦੋਸਤ ਦੇ ਅੰਤਿਮ ਸਾਹ ਲੈਣ ਤੱਕ ਉਸਦੀ ਸੇਵਾ ਕਰਦਾ ਰਿਹਾ। ਉਹ ਉਸ ਨੂੰ ਪ੍ਰਸ਼ਾਸਨ ਦੀ ਮਦਦ ਨਾਲ ਹਸਪਤਾਲ ਵੀ ਲੈ ਗਿਆ, ਪਰ ਬਚਾਅ ਨਹੀਂ ਸਕਿਆ।



ਅੰਮ੍ਰਿਤ ਆਪਣੇ ਘਰ ਵਿੱਚ ਇਕੱਲਾ ਕਮਾਉਣ ਵਾਲਾ ਸੀ ਅਤੇ ਬਚਪਨ ਦੇ ਮਜ਼ਦੂਰ ਦੋਸਤ ਸਯੂਬ ਦੇ ਨਾਲ ਟਰੱਕ ਵਿੱਚ ਸਵਾਰ ਹੋ ਕੇ ਆਪਣੇ ਘਰ ਜਾ ਰਿਹਾ ਸੀ। ਕੱਲ੍ਹ ਅੰਮ੍ਰਿਤ ਦੀ ਸਿਹਤ ਵੱਧ ਖ਼ਰਾਬ ਹੋ ਗਈ। ਕੋਰੋਨਾ ਦੇ ਲਛਣ ਹੋਣ ਦੇ ਸ਼ੱਕ ਵਿੱਚ ਟਰੱਕ ਵਿੱਚ ਸਵਾਰ ਲੋਕਾਂ ਦੇ ਕਹਿਣ 'ਤੇ ਚਾਲਕ ਨੇ ਉਸ ਨੂੰ ਸ਼ਿਵਪੁਰੀ ਦੇ ਬਾਈਪਾਸ 'ਤੇ ਉਤਾਰ ਦਿੱਤਾ ਸੀ। ਇਸ ਦੇ ਬਾਅਦ ਸਯੂਬ ਵੀ ਉਸ ਦੇ ਨਾਲ ਉਤਰ ਗਿਆ। ਸਯੂਬ ਨੇ ਦੱਸਿਆ, 'ਮੇਰੇ ਨਾਲ ਸੂਰਤ ਦੀ ਇੱਕ ਹੈਂਡਲੂਮ ਦੀ ਫੈਕਟਰੀ ਵਿੱਚ 12 ਘੰਟੇ ਕੰਮ ਕਰਨ ਪਿੱਛੋਂ ਅੰਮ੍ਰਿਤ 480 ਰੁਪਏ ਰੋਜ਼ਾਨਾ ਕਮਾਉਂਦਾ ਸੀ ਅਤੇ ਆਪਣੀ ਕਮਾਈ ਦਾ ਅੱਧਾ ਹਿੱਸਾ ਆਪਣੇ ਪਰਵਾਰ ਨੂੰ ਭੇਜਦਾ ਸੀ, ਕਿਉਂਕਿ ਉਸਦੇ ਘਰ ਵਿੱਚ ਉਸ ਦੇ ਇਲਾਵਾ ਕੋਈ ਕਮਾਉਣ ਵਾਲਾ ਨਹੀਂ ਸੀ।' ਲਾਕਡਾਊਨ ਦੇ ਕਾਰਨ ਫੈਕਟਰੀ ਬੰਦ ਹੋ ਗਈ। ਸੂਰਤ ਤੋਂ ਟਰੱਕ ਵਿੱਚ 4-4 ਹਜ਼ਾਰ ਰੁਪਏ ਕਿਰਾਇਆ ਦੇ ਕੇ ਨਾਸਿਕ ਤੋਂ ਇੰਦੌਰ ਹੁੰਦੇ ਹੋਏ ਬਸਤੀ ਵਾਪਸ ਜਾ ਰਹੇ ਸੀ। ਸਫਰ ਦੇ ਦੌਰਾਨ ਅਚਾਨਕ ਅੰਮ੍ਰਿਤ ਦੀ ਹਾਲਤ ਖ਼ਰਾਬ ਹੋ ਗਈ। ਕਈ ਯਾਤਰੀਆਂ ਦੀ ਜਿੱਦ 'ਤੇ ਉਸ ਨੂੰ ਉਤਾਰਨਾ ਪਿਆ। ਸਯੂਬ ਨੇ ਦੱਸਿਆ, ''ਅੰਮ੍ਰਿਤ ਦਾ ਖ਼ਿਆਲ ਰੱਖਣ ਦੇ ਲਈ ਮੈਂ ਵੀ ਉਤਰ ਗਿਆ, ਪਰ ਅਫਸੋਸ ਕਿ ਉਸ ਨੂੰ ਜਿੰਦਾ ਵਾਪਸ ਨਹੀਂ ਲੈ ਜਾ ਪਾਇਆ।'

# ਚੇਨਈ ਵਾਲੇ ਡਾਕਟਰ ਦੁਬਈ ਵਿੱਚ ਕੋਰੋਨਾ ਯੋਧਾ ਬਣੇ



ਚੇਨਈ, 18 ਮਈ (ਪੋਸਟ ਬਿਊਰੋ)- ਤਮਿਲ ਨਾਡੂ ਦੀ ਰਾਜਧਾਨੀ ਚੇਨਈ ਦੇ ਰਹਿਣ ਵਾਲੇ ਪ੍ਰਸਿੱਧ ਸਰਜਨ ਦੁਬਈ ਵਿੱਚ ਕੋਵਿਡ 19 ਖਿਲਾਫ ਜੰਗ ਵਿੱਚ ਕੋਰੋਨਾ ਯੋਧਾ ਵਜੋਂ ਆਪਣੀਆਂ ਸੇਵਾਵਾਂ ਦੇ ਰਹੇ ਹਨ। ਭਾਰਤੀ ਦੂਤਘਰ ਦੀ ਅਪੀਲ ਉਤੇ ਉਨ੍ਹਾਂ ਨੇ ਇਸ ਮਹਾਮਾਰੀ ਨਾਲ ਮੁਕਾਬਲੇ ਵਿੱਚ ਆਪਣਾ ਯੋਗਦਾਨ ਦੇਣਾ ਸ਼ੁਰੂ ਕੀਤਾ ਹੈ।

ਅਸਲ ਵਿੱਚ ਲੈਪ੍ਰੋਸਕੋਪਿਕ ਸਰਜਨ ਡਾਕਟਰ ਜੇ ਐੱਸ ਰਾਜਕੁਮਾਰ ਦੁਬਈ ਦੀ ਯਾਤਰਾ 'ਤੇ ਗਏ ਹੋਏ ਸਨ। ਇਸ ਦੌਰਾਨ ਉਨ੍ਹਾਂ ਨੇ ਭਾਰਤੀ ਦੂਤਘਰ ਦੀ ਅਪੀਲ 'ਤੇ ਸੇਵਾ ਕਰਨ ਦਾ ਫੈਸਲਾ ਕੀਤਾ। ਕੱਲ੍ਹ ਉਨ੍ਹਾਂ ਫੋਨ 'ਤੇ ਕਿਹਾ ਕਿ ਇਸ ਸਮੇਂ ਰਾਤ ਦੇ ਦੋ ਵੱਜੇ ਹਨ ਅਤੇ ਹੁੰਮਸ ਭਰੀ ਰਾਤ ਹੈ। ਅਸੀਂ ਦੁਬਈ ਕੋਲ ਇੱਕ ਅਣਜਾਣ ਥਾਂ ਉੱਤੇ ਹਾਂ। ਅਸੀਂ ਇੱਕ ਆਈਸੋਲੇਸ਼ਨ ਕੇਂਦਰ ਵਿੱਚ ਹਾਂ ਅਤੇ ਇਥੇ ਸਾਡੇ ਕੋਲ ਕਰੀਬ 500 ਰੋਗੀ ਹਨ। ਡਾਕਟਰ ਰਾਜਕੁਮਾਰ ਚੇਨਈ ਦੇ ਲਾਈਫਲਾਈਨ ਇੰਸਟੀਚਿਊਟ ਆਫ ਮਿਨੀਮਲ ਐਕਸੈੱਸ (ਐੱਲ ਆਈ ਐੱਮ ਏ) ਦੇ ਚੇਅਰਮੈਨ ਹਨ। ਉਨ੍ਹਾਂ ਨਾਲ ਉਨ੍ਹਾਂ ਦੀ ਪਤਨੀ ਵੀ ਦੁਬਈ ਵਿੱਚ ਸੇਵਾਵਾਂ ਦੇ ਰਹੀ ਹੈ। ਜਦੋਂ ਅਮੀਰਾਤ ਵਿੱਚ ਹਰ ਰੋਜ਼ ਕੁਝ ਸੌ ਨਵੇਂ ਕੇਸ ਸਾਹਮਣੇ ਆ ਰਹੇ ਹਨ ਤਾਂ ਭਾਰਤੀ ਦੂਤਘਰ ਨੇ ਸਵੈ ਸੇਵਕਾਂ ਨੂੰ ਕੋਰੋਨਾ ਵਾਇਰਸ ਖਿਲਾਫ ਲੜਨ ਦੀ ਅਪੀਲ ਕੀਤੀ। ਇਸ ਸਮੇਂ ਚੇਨਈ ਦੇ ਡਾਕਟਰ ਅਤੇ ਉਨ੍ਹਾਂ ਦੀ ਪਤਨੀ ਨੇ ਸਵੈ ਸੇਵਕ ਬਣਨ ਦਾ ਫੈਸਲਾ ਕੀਤਾ। ਉਨ੍ਹਾਂ ਦੱਸਿਆ ਕਿ ਏਅਰ ਕੰਡੀਸ਼ਨਰ ਦੇ ਬਾਵਜੂਦ ਚਿਹਰੇ 'ਤੇ ਮਾਸਕ ਦੀਆਂ ਪਰਤਾਂ ਕਾਰਨ ਬਹੁਤ ਪਸੀਨਾ ਆਉਂਦਾ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਦੀ ਮਹਾਮਾਰੀ ਦੇ ਬਾਵਜੂਦ ਉਨ੍ਹਾਂ ਦੀ ਪਤਨੀ ਉਨ੍ਹਾਂ ਨਾਲ ਰਹਿਣ ਲਈ ਦ੍ਰਿੜ੍ਹ ਸੰਕਲਪ ਸੀ।

# ਭਾਰਤੀ ਹੱਦ 'ਚ 12 ਕਿਲੋਮੀਟਰ ਤੱਕ ਅੰਦਰ ਆਏ ਸਨ ਚੀਨ ਦੇ ਦੋ ਹੈਲੀਕਾਪਟਰ



ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ)- ਚੀਨ ਨੇ ਹਿਮਾਚਲ ਪ੍ਰਦੇਸ਼ 'ਚ ਭਾਰਤੀ ਸਰਹੱਦ ਦੇ ਅੰਦਰ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ ਸੀ। ਹਿਮਾਚਲ ਪ੍ਰਦੇਸ਼ ਦੇ ਲਾਹੌਰ-ਸਪਿਤੀ 'ਚ ਚੀਨ ਨਾਲ ਲੱਗੀ ਸਰਹੱਦ ਨੂੰ ਲੰਘ ਕੇ ਚੀਨ ਦੇ ਹੈਲੀਕਾਪਟਰ ਭਾਰਤ ਦੀ ਹੱਦ 'ਚ 12 ਕਿਲੋਮੀਟਰ ਅੰਦਰ ਤੱਕ ਅੰਦਰ ਆ ਗਏ ਸਨ।

ਹਿਮਾਚਲ ਪ੍ਰਦੇਸ਼ ਪੁਲਸ ਨੇ ਇਸ ਬਾਰੇ ਇੱਕ 'ਅਲਰਟ' ਮਿਲਟਰੀ ਇੰਟੈਲੀਜੈਂਸ, ਆਈ ਬੀ ਅਤੇ ਆਈ ਟੀ ਬੀ ਪੀ ਨੂੰ ਭੇਜਿਆ ਹੈ। ਇਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਇੱਕ-ਡੇਢ ਮਹੀਨੇ ਵਿੱਚ ਚੀਨ ਦੀ ਫ਼ੌਜ ਨੇ ਦੋ ਵਾਰ ਲਾਹੌਰ-ਸਪਿਤੀ ਵੱਲ ਘੁਸਪੈਠ ਕੀਤੀ ਹੈ। ਹਿਮਾਚਲ ਪ੍ਰਦੇਸ਼ ਸਰਕਾਰ ਦੇ ਅਫਸਰਾਂ ਦੇ ਮੁਤਾਬਕ ਚੀਨ ਦੇ ਹੈਲੀਕਾਪਟਰ ਲਾਹੌਰ-ਸਪਿਤੀ ਜ਼ਿਲ੍ਹੇ ਦੀ ਸਮਦੋਹ ਚੌਕੀ ਤੋਂ ਵੇਖੇ ਗਏ ਸਨ। ਇਹ ਹੈਲੀਕਾਪਟਰ ਕਾਫ਼ੀ ਹੇਠਾਂ ਆ ਕੇ ਉਡਾਨ ਭਰ ਰਹੇ ਸਨ। ਰਿਪੋਰਟ ਮੁਤਾਬਕ ਅਪ੍ਰੈਲ ਮਹੀਨੇ ਦੇ ਆਖ਼ਰੀ ਹਫ਼ਤੇ ਅਤੇ ਮਈ ਮਹੀਨੇ ਦੇ ਪਹਿਲੇ ਹਫ਼ਤੇ ਵੀ ਚੀਨੀ ਹੈਲੀਕਾਪਟਰ ਭਾਰਤੀ ਹੱਦ ਅੰਦਰ 12 ਕਿਲੋਮੀਟਰ ਤੱਕ ਆ ਗਏ ਸਨ ਤੇ ਫਿਰ ਉਹ ਹੈਲੀਕਾਪਟਰ ਤਿੱਬਤ ਵੱਲ ਮੁੜ ਗਏ ਸਨ। ਇਸ ਤੋਂ ਬਾਅਦ ਸਰਹੱਦ 'ਤੇ ਚੌਕਸੀ ਬਹੁਤ ਜ਼ਿਆਦਾ ਵਧਾ ਦਿੱਤੀ ਗਈ ਹੈ। ਆਈ ਟੀ ਬੀ ਪੀ ਦੇ ਜਵਾਨ ਪੂਰੀ ਤਰ੍ਹਾਂ ਚੌਕਸ ਹਨ ਤੇ ਚੀਨ ਦੀ ਪੋਸਟ 'ਤੇ ਹੋਣ ਵਾਲੀਆਂ ਸਾਰੀਆਂ ਗਤੀਵਿਧੀਆਂ 'ਤੇ ਉਨ੍ਹਾਂ ਦੀ ਚੌਕਸ ਨਜ਼ਰ ਹੈ।

## ਅਕਬਰ ਨੇ ਰਾਮਾਇਣ-ਮਹਾਭਾਰਤ ਆਦਿ ਗ੍ਰੰਥਾਂ ਦਾ ਫਾਰਸੀ ਵਿੱਚ ਅਨੁਵਾਦ ਕਰਵਾਇਆ ਸੀ

ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ)- ਮੁਗਲ ਸਮਰਾਟ ਅਕਬਰ ਨੂੰ ਭਾਰਤ ਦੇ ਪੁਰਾਤਨ ਗ੍ਰੰਥਾਂ ਵਿੱਚ ਇਸ ਹੱਦ ਤੱਕ ਦਿਲਚਸਪੀ ਸੀ ਕਿ ਉਸ ਨੇ ਨਾ ਕੇਵਲ ਮਹਾਭਾਰਤ ਅਤੇ ਰਾਮਾਇਣ, ਸਗੋਂ ਅਰਥਵ ਵੇਦ ਦਾ ਵੀ ਫਾਰਸੀ ਵਿੱਚ ਅਨੁਵਾਦ ਕਰਵਾਇਆ ਸੀ। ਇਹੀ ਨਹੀਂ, ਉਸ ਨੇ ਆਪਣੇ ਰਾਜ ਵਿੱਚ ਅਨੁਵਾਦ ਕੰਮ ਨੂੰ ਇੰਨਾ ਵਧਾਇਆ ਕਿ ਅਨੁਵਾਦ ਬਿਊਰੋ ਦੀ ਸਥਾਪਨਾ ਵੀ ਕੀਤੀ ਸੀ, ਜਿਸ ਬਾਰੇ ਬਹੁਤੇ ਲੋਕਾਂ ਨੂੰ ਪਤਾ ਨਹੀਂ ਹੈ।

ਪੰਜ ਭਾਸ਼ਾਵਾਂ ਵਿੱਚ ਪਿਛਲੇ 28 ਸਾਲ ਤੋਂ 36 ਕਿਤਾਬਾਂ ਦਾ ਅਨੁਵਾਦ ਕਰਨ ਵਾਲੇ ਮੰਨੇ ਪ੍ਰਮੰਨੇ ਅਨੁਵਾਦਕ ਸੰਤੋਸ਼ ਏਲੈਕਸ ਨੇ ਲਾਕਡਾਊਨ ਵਿੱਚ ਸੋਸ਼ਲ ਮੀਡੀਆ ਉੱਤੇ 'ਪਾਖੀ' ਮੈਗਜ਼ੀਨ ਦੇ ਲਾਈਵ ਪ੍ਰੋਗਰਾਮ ਵਿੱਚ ਇਸ ਬਾਰੇ ਸਾਰੀ ਜਾਣਕਾਰੀ ਦਿੱਤੀ ਹੈ। ਮਲਿਆਲਮ, ਤੇਲਗੂ ਅਤੇ ਤਮਿਲ ਦੇ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਵਿੱਚ ਕਈ ਕਲਾਸਿਕਸ ਦਾ ਅਨੁਵਾਦ ਕਰ ਚੁੱਕੇ ਏਲੈਕਸ ਨੇ ਦੱਸਿਆ ਕਿ ਭਾਰਤ ਵਿੱਚ ਅੱਠਵੀਂ-ਨੌਵੀਂ ਸਦੀ ਵਿੱਚ ਰਾਮਾਇਣ, ਮਹਾਭਾਰਤ, ਗੀਤਾ, ਪੰਚਤੰਤਰ, ਅਰਥਵ ਵੇਦ ਅਤੇ ਹਿਤੋਪਦੇਸ਼ ਦਾ ਅਰਬੀ ਵਿੱਚ ਅਨੁਵਾਦ ਹੋ ਚੁੱਕਾ ਸੀ। ਇਸ ਤੋਂ ਪਹਿਲਾਂ ਕੇਵਲ ਸੰਸਕ੍ਰਿਤ ਕੁਦਰਤੀ ਅਤੇ ਪਾਲੀ ਭਾਸ਼ਾ ਵਿੱਚ ਹੀ ਅਨੁਵਾਦ ਹੁੰਦਾ ਸੀ।

# ਜਨਰਲ ਅਟਲਾਂਟਿਕ ਵੱਲੋਂ ਰਿਲਾਇੰਸ ਦੇ ਜੀਓ ਪਲੇਟਫਾਰਮ 'ਚ 6,598 ਕਰੋੜ ਰੁਪਏ ਦਾ ਨਿਵੇਸ਼

ਨਵੀਂ ਦਿੱਲੀ, 18 ਮਈ (ਪੋਸਟ ਬਿਊਰੋ)- ਸੋਸ਼ਲ ਮੀਡੀਆ ਕੰਪਨੀ ਫੇਸਬੁੱਕ ਤੋਂ ਬਾਅਦ ਅਮਰੀਕਾ ਦੀ ਵੱਡੀ ਨਿਵੇਸ਼ ਕੰਪਨੀ ਜਨਰਲ ਅਟਲਾਂਟਿਕ ਨੇ ਅਰਬਪਤੀ ਕਾਰੋਬਾਰੀ ਮੁਕੇਸ਼ ਅੰਬਾਨੀ ਦੀ ਕੰਪਨੀ ਜੀਓ ਪਲੇਟਫਾਰਮ 'ਚ ਹਿੱਸੇਦਾਰੀ ਲਈ ਕਰੀਬ 6600 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ।

ਰਿਲਾਇੰਸ ਇੰਡਸਟਰੀਜ਼ ਨੇ ਕੱਲ੍ਹ ਇੱਕ ਬਿਆਨ ਵਿੱਚ ਦੱਸਿਆ ਕਿ ਜਨਰਲ ਅਟਲਾਂਟਿਕ ਨੇ ਉਸ ਦੀ ਡਿਜੀਟਲ ਯੂਨਿਟ ਜੀਓ ਪਲੇਟਫਾਰਮ 'ਚ 1.34 ਫੀਸਦੀ ਹਿੱਸੇਦਾਰੀ ਬਦਲੇ 6,598.38 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਇਹ ਜਨਰਲ ਅਟਲਾਂਟਿਕ ਦਾ ਏਸ਼ੀਆ ਦੀ ਕਿਸੇ ਕੰਪਨੀ ਅਜੇ ਤੱਕ ਦਾ ਸਭ ਤੋਂ ਵੱਡਾ ਨਿਵੇਸ਼ ਹੈ। ਜੀਓ ਪਲੇਟਫਾਰਮ ਨੇ ਅੱਜ ਤੱਕ ਚਾਰ ਹਫਤਿਆਂ ਤੋਂ ਵੀ ਘੱਟ ਸਮੇਂ 'ਚ ਫੇਸਬੁੱਕ, ਸਿਲਵਰ ਲੇਕ ਪਾਰਟਨਰਜ਼, ਵਿਸਟਾ ਇਕਵਿਟੀ ਪਾਰਟਨਰਜ਼ ਅਤੇ ਜਨਰਲ ਅਟਲਾਂਟਿਕ ਸਮੇਤ ਪ੍ਰਮੁੱਖ ਤਕਨੀਕੀ ਨਿਵੇਸ਼ਕਾਂ ਤੋਂ 67,194.75 ਕਰੋੜ ਰੁਪਏ ਜੁਟਾਏ ਹਨ। ਇਸ ਤੋਂ ਪਹਿਲਾਂ ਜੀਓ ਪਲੇਟਫਾਰਮ 'ਚ ਫੇਸਬੁੱਕ ਨੇ 43,574 ਕਰੋੜ ਰੁਪਏ 'ਚ 9,99 ਫ਼ੀਸਦੀ, ਸਿਲਵਰ ਲੇਕ ਨੇ 5,665.75 ਕਰੋੜ ਰੁਪਏ 'ਚ 1.15 ਫੀਸਦੀ ਅਤੇ ਵਿਸਟਾ ਇਕਵਿਟੀ ਨੇ 11, 367 ਕਰੋੜ ਰੁਪਏ 'ਚ 2.32 ਫੀਸਦੀ ਹਿੱਸੇਦਾਰੀ ਖ਼ਰੀਦੀ ਸੀ। ਇਨ੍ਹਾਂ ਚਾਰ ਸੌਦਿਆਂ 'ਚ ਜੀਓ ਪਲੇਟਫਾਰਮ ਦੀ 14.8 ਫੀਸਦੀ ਹਿੱਸੇਦਾਰੀ ਵੇਚੀ ਜਾ ਚੁੱਕੀ ਹੈ। ਅਗਲੇ ਸਮੇਂ 'ਚ ਇਸ ਤਰ੍ਹਾਂ ਦੇ ਹੋਰ ਸੌਦੇ ਹੋਣ ਦੀ ਆਸ ਹੈ। ਮੁਕੇਸ਼ ਅੰਬਾਨੀ ਨੇ ਪਿਛਲੇ ਸਾਲ ਅਗਸਤ 'ਚ ਟੀਚਾ ਮਿਥਿਆ ਸੀ ਕਿ ਉਨ੍ਹਾਂ ਨੂੰ ਮਾਰਚ 2021 ਤੱਕ ਰਿਲ-ਾਇੰਸ ਇੰਡਸਟਰੀਜ਼ ਨੂੰ ਕਰਜ਼ ਮੁਕਤ ਕੰਪਨੀ ਬਣਾਉਣਾ ਹੈ। ਇਨ੍ਹਾਂ ਸੌਦਿਆਂ ਨੂੰ ਵੇਖਦੇ ਹੋਏ ਅੰਬਾਨੀ ਦਾ ਟੀਚਾ ਇਸ ਸਾਲ ਦਸੰਬਰ ਤੱਕ ਪੂਰਾ ਹੋ ਜਾਣ ਦਾ ਅਨੁਮਾਨ ਹੈ। ਮਾਰਚ ਤਿਮਾਹੀ ਦੇ ਅੰਤ ਵਿੱਚ ਰਿਲਾਇੰਸ ਕੋਲ 1,75,259 ਕਰੋੜ ਰੁਪਏ ਦੀ ਨਕਦੀ ਸੀ ਅਤੇ ਉਸ 'ਤੇ 3,36,294 ਕਰੋੜ ਰੁਪਏ ਦਾ ਕਰਜ਼ਾ ਬਾਕੀ ਸੀ। ਇਸ ਤਰ੍ਹਾਂ ਮਾਰਚ ਆਖ਼ਿਰ 'ਚ ਕੰਪਨੀ 'ਤੇ ਕੁਲ ਸ਼ੁੱਧ ਕਰਜ਼ਾ ਭਾਰ 1,61,035 ਕਰੋੜ ਰੁਪਏ ਸੀ।

ਰਿਲਾਇੰਸ ਇੰਡਸਟਰੀਜ਼ ਦੇ ਪ੍ਰਧਾਨ ਅਤੇ ਪ੍ਰਬੰਧ ਨਿਰਦੇਸ਼ਕ ਮੁਕੇਸ਼ ਅੰਬਾਨੀ ਨੇ ਕਿਹਾ, ''ਮੈਂ ਕਈ ਦਹਾਕਿਆਂ ਤੋਂ ਜਨਰਲ ਅਟਲਾਂਟਿਕ ਨੂੰ ਜਾਣਦਾ ਹਾਂ ਅਤੇ ਭਾਰਤ ਦੀਆਂ ਤੇਜ਼ ਵਾਧੇ ਦੀਆਂ ਸੰਭਾਵਨਾਵਾਂ 'ਚ ਉਸ ਦੇ ਭਰੋਸੇ ਦਾ ਕਾਇਲ ਰਿਹਾ ਹਾਂ। ਅਸੀਂ ਜਨਰਲ ਅਟਲਾਂਟਿਕ ਦੀ ਸਾਬਤ ਕਰਨ ਮੁਹਾਰਤ ਅਤੇ ਤਕਨੀਕੀ 'ਚ ਨਿਵੇਸ਼ ਕਰਨ ਦੇ 40 ਸਾਲ ਦੇ ਰਣਨੀਤਕ ਅਨੁਭਵ ਦਾ ਜੀਓ ਦੇ ਹਿੱਤ 'ਚ ਲਾਭ ਚੁੱਕਣ ਨੂੰ ਲੈ ਕੇ ਉਤਸ਼ਾਹਿਤ ਹਾਂ।

# ਲੱਕ ਮੋਟਾ, ਬਲੱਡ ਸ਼ੂਗਰ ਤੇ ਬਲੱਡ ਪ੍ਰੈਸ਼ਰ ਵਧਦਾ ਹੋਵੇ ਤਾਂ ਮਰਦ ਕੋਰੋਨਾ ਤੋਂ ਵੱਧ ਸਾਵਧਾਨ ਹੋ ਜਾਣ

ਇੰਦੌਰ, 18 ਮਈ (ਪੋਸਟ ਬਿਊਰੋ)- ਮੈਡੀਕਲ ਮਾਹਰਾਂ ਨੇ ਮੈਟਾਬੋਲਿਕ ਸਿੰਡ੍ਰੋਮ ਦੇ ਸ਼ਿਕਾਰ ਮਰਦਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਨ੍ਹਾਂ ਨੂੰ ਕੋਵਿਡ-19 ਤੋਂ ਵਿਸ਼ੇਸ਼ ਤੌਰ 'ਤੇ ਸਾਵਧਾਨ ਰਹਿ ਕੇ ਸਿਹਤ ਜੀਵਨਸ਼ੈਲੀ ਤੇ ਯੋਗ ਖਾਣ-ਪੀਣ ਦੀ ਲੋੜ ਹੈ, ਕਿਉਂਕਿ ਇਨਫੈਕਸ਼ਨ ਨਾਲ ਏਦਾਂ ਦੇ ਮਰੀਜ਼ਾਂ 'ਚ ਕੋਰੋਨਾ ਦੀਆਂ ਗੁੰਝਲਾਂ ਆਸ ਤੋਂ ਵੱਧ ਪੈਂਦੀਆਂ ਹਨ। ਮੈਟਾਬੋਲਿਕ ਸਿੰਡ੍ਰੋਮ ਦੇ ਸ਼ਿਕਾਰ ਮਰੀਜ਼ਾਂ 'ਚ ਹਾਈ ਬਲੱਡ ਪ੍ਰੈਸ਼ਰ, ਬਲੱਡ 'ਚ ਸ਼ੂਗਰ ਦਾ ਉਚਾ ਪੱਧਰ, ਲੱਕ ਮੋਟਾ ਹੋਣ ਅਤੇ ਕੋਲੈਸਟ੍ਰਾਲ ਦਾ ਅਬਨਾਰਮਲ ਲੈਵਲ ਦੇ ਲੱਛਣ ਹੁੰਦੇ ਹਨ। ਦੇਸ਼ 'ਚ ਕੋਰੋਨਾ ਵਾਇਰਸ ਤੋਂ ਸਭ ਤੋਂ ਵੱਧ ਮਾਰ ਵਾਲੇ ਜ਼ਿਲ੍ਹਿਆਂ 'ਚ ਸ਼ਾਮਲ ਇੰਦੌਰ ਦਾ ਅਰਬਿੰਦੋ ਇੰਸਟੀਚਿਊਟ ਆਫ ਮੈਡੀਕਲ ਸਾਇੰਸੇਜ ਇਸ ਮਹਾਮਾਰੀ ਦੇ ਇਲਾਜ ਨਾਲ ਜੁੜੇ ਹਸਪਤਾਲਾਂ 'ਚ ਸ਼ਾਮਲ ਹੈ। ਇਸ ਹਸਪਤਾਲ ਦੇ ਛਾਤੀ ਰੋਗ ਵਿਭਾਗ ਦੇ ਮੁਖੀ ਡਾ. ਰਵੀ ਡੋਸੀ ਅੱਜ ਤੱਕ ਇਸ ਮਹਾਮਾਰੀ ਦੇ ਲੱਗਭਗ 1100 ਮਰੀਜ਼ ਦੇਖ ਚੁੱਕੇ ਹਨ। ਡੋਸੀ ਨੇ ਕੱਲ੍ਹ ਦੱਸਿਆ ਕਿ ਕੋਵਿਡ-19 ਦੇ ਇਨ੍ਹਾਂ 1100 ਮਰੀਜ਼ਾਂ 'ਚ ਸ਼ਾਮਲ ਲਗੱਭਗ 150 ਮਰਦ ਅਜਿਹੇ ਸਨ, ਜੋ ਮੈਟਾਬੋਲਿਕ ਸਿਡ੍ਰੋਮ ਦੇ ਘੇਰੇ ਵਿੱਚ ਆਉਂਦੇ ਹਨ। ਇਸ ਸਿੰਡ੍ਰੋਮ ਨਾਲ ਜੂਝ ਰਹੇ ਮਰੀਜ਼ਾਂ ਦੇ ਇਲਾਜ 'ਚ



ਵੱਧ ਸਮਾਂ ਲੱਗਦਾ ਹੈ ਕਿਉਂਕਿ ਇਨਫੈਕਸ਼ਨ ਤੋਂ ਬਾਅਦ ਉਨ੍ਹਾਂ ਵਿੱਚ ਮਹਾਮਾਰੀ ਦੀਆਂ ਗੁੰਝਲਾਂ ਆਸ ਤੋਂ ਵੱਧ ਨਿਕਲ ਰਹੀਆਂ ਹਨ। ਉਨ੍ਹਾਂ ਮੁਤਾਬਕ ਇਹ ਦੇਖਿਆ ਗਿਆ ਹੈ ਕਿ ਕਈ ਮਰਦ ਲਾਕਡਾਊਨ ਦੌਰਾਨ ਆਪਣੇ ਘਰ ਰਹਿਣ ਵੇਲੇ ਕਸਰਤ ਅਤੇ ਸਹੀ ਖਾਣ-ਪੀਣ ਦਾ ਧਿਆਨ ਨਹੀਂ ਰੱਖ ਰਹੇ ਤੇ ਮੈਟਾਬੋਲਿਕ ਸਿੰਡ੍ਰੋਮ ਦੀ ਲਪੇਟ 'ਚ ਆ ਸਕਦੇ ਹਨ। ਜੇ ਇਹ ਲੋਕ ਕੋਵਿਡ-19 ਤੋਂ ਪੀੜਤ ਹੁੰਦੇ ਹਨ ਤਾਂ ਸਿੰਡ੍ਰੋਮ ਦੇ ਮਾੜੇ ਪ੍ਰਭਾਵਾਂ ਨਾਲ ਮਹਾਮਾਰੀ ਦੇ ਖ਼ਿਲਾਫ਼ ਉਨ੍ਹਾਂ ਦੀ ਪ੍ਰਤੀਰੋਧਕ ਸਮਰੱਥਾ ਘਟ ਸਕਦੀ ਹੈ। ਡੋਸੀ ਨੇ ਸੁਝਾਅ ਦਿੱਤਾ ਕਿ ਇਨ੍ਹਾਂ ਮੈਡੀਕਲ ਤੱਥਾਂ ਦੇ ਮੱਦੇਨਜ਼ਰ ਖਾਸ ਕਰਕੇ 30 ਸਾਲ ਤੋਂ ਜ਼ਿਆਦਾ ਉਮਰ ਵਾਲੇ ਮਰਦਾਂ ਨੂੰ ਵੱਧ ਫੈਟ ਵਾਲੇ ਭੋਜਨ ਤੋਂ ਪਰਹੇਜ ਕਰਨਾ ਚਾਹੀਦਾ ਹੈ ਅਤੇ ਲਾਕਡਾਊਨ ਦੌਰਾਨ ਆਪਣੇ ਘਰ 'ਚ ਹੀ ਕਸਰਤ ਕਰਦੇ ਹੋਏ ਖ਼ੁਦ ਨੂੰ ਚੁਸਤ-ਦਰੁਸਤ ਰੱਖਣਾ ਚਾਹੀਦਾ ਹੈ।

## ਜਦੋਂ ਪੰਜਾਬ ਪੁਲਸ ਨੇ ਇੱਕ ਦਿਨ ਲਈ ਪਰਵਾਸੀ ਮਜ਼ਦੂਰ ਕੁੜੀ ਨੂੰ ਪੁਲਸ ਮੁਲਾਜ਼ਮ ਬਣਾਇਆ

ਸੰਗਰੂਰ, 18 ਮਈ (ਪੋਸਟ ਬਿਊਰੋ)- ਪੰਜਾਬ ਵਿੱਚ ਕਰਫਿਊ ਵਿੱਚ ਢਿੱਲ ਮਿਲਦੇ ਸਾਰ ਹਜ਼ਾਰਾਂ ਪਰਵਾਸੀ ਮਜ਼ਦੂਰ ਆਪਣੇ ਰਾਜਾਂ ਨੂੰ ਪੈਦਲ ਚੱਲ ਪਏ ਤਾ ਉਨ੍ਹਾਂ ਦੀਆਂ ਸਮੱਸਿਆਵਾਂ 'ਚ ਵਾਧਾ ਹੋ ਗਿਆ।




ਇਸ ਮੌਕੇ ਲਹਿਰਾ ਗਾਗਾ ਪੁਲਸ ਨੇ ਪਰਵਾਸੀ ਮਜ਼ਦੂਰਾਂ ਨੂੰ ਪੰਜਾਬ ਵਿੱਚ ਰਹਿ ਕੇ ਕੰਮ ਕਰਨ ਲਈ ਪ੍ਰੇਰਿਤ ਕਰਨ ਦੇ ਲਈ ਇੱਕ ਪਰਵਾਸੀ ਲੜਕੀ ਨੂੰ ਇੱਕ ਦਿਨ ਲਈ ਪੁਲਸ ਮੁਲਾਜ਼ਮ ਬਣਾ ਕੇ ਪਰਵਾਸੀ ਮਜ਼ਦੂਰਾਂ ਨੂੰ ਵਾਪਸ ਨਾ ਜਾਣ ਦੇ ਲਈ ਅਪੀਲ ਕਰਵਾਈ। ਪਰਵਾਸੀ ਲੜਕੀ ਨੇ ਪੁਲਸ ਦੀ ਵਰਦੀ ਪਾ ਕੇ ਸ਼ਹਿਰ ਦੇ ਬਾਜ਼ਾਰਾਂ 'ਚ ਪਰਵਾਸੀ ਮਜ਼ਦੂਰਾਂ ਨੂੰ ਏਥੇ ਰਹਿ ਕੇ ਕੰਮ ਕਰਨ ਦੀ ਅਪੀਲ ਕੀਤੀ। ਅਸਲ ਵਿੱਚ ਉੱਤਰ ਪ੍ਰਦੇਸ਼ ਦੇ ਸ਼ਾਮਲੀ ਜ਼ਿਲੇ ਦੀ 24 ਸਾਲਾ ਲੜਕੀ ਅੰਸ਼ੂ ਉਪਾਧਿਆਏ ਕੋਰੋਨਾ ਮਹਾਮਾਰੀ ਫੈਲਣ ਤੋਂ ਪਹਿਲਾਂ ਲਹਿਰਾ ਗਾਗਾ ਨੇੜਲੇ ਪਿੰਡ ਗਾਗਾ ਵਿੱਚ ਆਪਣੇ ਰਿਸ਼ਤੇਦਾਰਾਂ ਕੋਲ ਰਹਿੰਦੀ ਸੀ। ਲਾਕਡਾਊਨ 'ਚ ਛੋਟ ਮਿਲਣ ਉਤੇ ਉਹ ਆਪਣੇ ਘਰ ਸ਼ਾਮਲੀ ਵਾਪਸ ਜਾਣ ਲਈ ਲਹਿਰਾ ਦੇ ਐੱਸ ਡੀ ਐੱਮ ਕਾਲਾ ਰਾਮ ਕੋਲ ਬੇਨਤੀ ਕਰਨ ਗਈ। ਐੱਸ ਡੀ ਐੱਮ ਨੇ ਉਸ ਨੂੰ ਵਾਪਸ ਜਾਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਹ ਪੜ੍ਹੀ-ਲਿਖੀ ਹੈ, ਵਾਪਸ ਨਹੀਂ ਜਾਣਾ ਚਾਹੁੰਦੀ, ਪਰ ਪਰਵਾਸੀ ਮਜ਼ਦੂਰਾਂ ਦੇ ਪੈਦਲ ਆਪਣੇ ਘਰਾਂ ਨੂੰ ਜਾਣ ਦੇ ਮਾਮਲੇ ਰੋਜ਼ਾਨਾ ਦੇਖ ਰਹੀ ਹੈ, ਜਿਸ ਤੋਂ ਬੇਹੱਦ ਦੁਖੀ ਹੋ ਕੇ ਉਹ ਵੀ ਉਨ੍ਹਾਂ ਨਾਲ ਜਾਣਾ ਚਾਹੁੰਦੀ ਹੈ।

ਐੱਸ ਡੀ ਐੱਮ ਕਾਲਾ ਰਾਮ ਅਤੇ ਡੀ ਐੱਸ ਪੀ ਬੂਟਾ ਸਿੰਘ ਗਿੱਲ ਨੇ ਸਾਂਝੇ ਤੌਰ ਉਤੇ ਅੰਸ਼ੂ ਨੂੰ ਇਥੇ ਰਹਿਣ ਲਈ ਪ੍ਰੇਰਿਤ ਕੀਤਾ ਤੇ ਇੱਕ ਦਿਨ ਲਈ ਪੁਲਸ ਮੁਲਾਜ਼ਮ ਬਣਨ ਲਈ ਮਨਾ ਲਿਆ। ਅੰਸ਼ੂ ਨੂੰ ਹੌਲਦਾਰ ਦੀ ਵਰਦੀ ਦਿੱਤੀ ਗਈ, ਜਿਸ ਨੂੰ ਪਾ ਕੇ ਅੰਸ਼ੂ ਨੇ ਪੁਲਸ ਨਾਲ ਮਿਲ ਕੇ ਬਾਜ਼ਾਰ ਵਿੱਚ ਪਰਵਾਸੀ ਮਜ਼ਦੂਰਾਂ ਨੂੰ ਪੰਜਾਬ ਨਾ ਛੱਡਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਉਹ ਵਾਪਸ ਆਪਣੇ ਰਾਜ ਨਾ ਜਾਣ। ਏਦਾਂ ਕਰਨ ਨਾਲ ਉਨ੍ਹਾਂ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ। ਡੀ ਐੱਸ ਪੀ ਬੂਟਾ ਸਿੰਘ ਗਿੱਲ ਨੇ ਕਿਹਾ ਕਿ ਪਰਵਾਸੀ ਲੜਕੀ ਨੇ ਮਜ਼ਦੂਰਾਂ ਨੂੰ ਬਿਨਾਂ ਵਜ੍ਹਾ ਪੰਜਾਬ ਨਾ ਛੱਡਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਐਮਰਜੈਂਸੀ ਆਪਣਾ ਇਲਾਕਾ ਛੱਡਣਾ ਸਹੀ ਫੈਸਲਾ ਨਹੀਂ ਹੈ। ਘਰਾਂ ਨੂੰ ਜਾਣ ਲਈ ਕੇਵਲ ਸਰਕਾਰੀ ਨੀਤੀ ਅਨੁਸਾਰ ਬੱਸਾਂ ਜਾਂ ਰੇਲ ਗੱਡੀਆਂ ਦੀ ਹੀ ਮਦਦ ਲਈ ਜਾਵੇ।

ਐੱਸ ਡੀ ਐੱਮ ਕਾਲਾ ਰਾਮ ਨੇ ਕਿਹਾ ਕਿ ਪਰਵਾਸੀ ਮਜ਼ਦੂਰਾਂ ਨੂੰ ਸਰਕਾਰ ਉਨ੍ਹਾਂ ਦੇ ਘਰਾਂ ਤੱਕ ਸੁਰੱਖਿਅਤ ਤਰੀਕੇ ਨਾਲ ਭੇਜਣ ਲਈ ਬੱਸਾਂ ਤੇ ਰੇਲ ਗੱਡੀਆਂ ਚਲਾ ਰਹੀ ਹੈ, ਜਿਸ ਵਿੱਚ ਕੁਝ ਦਿਨ ਹੋਰ ਇੰਤਜ਼ਾਰ ਕਰਨਾ ਪੈ ਸਕਦਾ ਹੈ।

# ਸਾਬਕਾ ਡੀ ਜੀ ਪੀ ਸੁਮੇਧ ਸੈਣੀ ਤੋਂ ਮਟੌਰ ਪੁਲਸ ਵੱਲੋਂ ਪੁੱਛ-ਗਿੱਛ

ਮੁਹਾਲੀ, 18 ਮਈ (ਪੋਸਟ ਬਿਊਰੋ)- ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸਮੇਧ ਸਿੰਘ ਸੈਣੀ ਅੱਜ ਸਿਟਕੋ (ਚੰਡੀਗੜ੍ਹ ਟੂਰਿਜ਼ਮ ਕਾਰਪੋਰੇਸ਼ਨ) ਦੇ ਜੇ ਈ ਬਲਵੰਤ ਸਿੰਘ ਮੁਲਤਾਨੀ (29) ਦੇ ਅਗਵਾ ਦੇ ਕੇਸ ਵਿੱਚ ਕੱਲ੍ਹ ਇਥੇ ਸੈਕਟਰ-76 ਵਿੱਚ ਐਸ ਐਸ ਪੀ ਦਫ਼ਤਰ ਵਿੱਚ ਪਹੁੰਚੇ ਅਤੇ ਬਿਆਨ ਦਰਜ ਕਰਵਾਏ ਹਨ।



ਜਾਣਕਾਰ ਸੂਤਰਾਂ ਮੁਤਾਬਕ ਸੁਮੇਧ ਸਿੰਘ ਸੈਣੀ ਐਸ ਐਸ ਪੀ ਦਫ਼ਤਰ ਵਿੱਚ ਕਰੀਬ ਸਵਾ ਘੰਟਾ ਰਹੇ। ਉਨ੍ਹਾਂ ਕੋਲੋਂ ਪੁਲਸ ਦੇ ਜਾਂਚ ਅਧਿਕਾਰੀਆਂ ਨੇ ਮੁਲਤਾਨੀ ਅਗਵਾ ਕੇਸ ਬਾਰੇ ਕਈ ਸਵਾਲ ਪੁੱਛੇ, ਜਿਨ੍ਹਾਂ ਦਾ ਸੈਣੀ ਨੇ ਬੜੀ ਹੁਸ਼ਿਆਰੀ ਨਾਲ ਜਵਾਬ ਦਿੱਤਾ, ਪ੍ਰੰਤੂ ਕਿਸੇ ਅਫਸਰ ਨੇ ਕਰਾਸ ਕੁਐਸਚਨ ਵੇਲੇ ਬਹੁਤਾ ਜ਼ੋਰ ਜਾਂ ਦਬਾਅ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਤੋਂ ਪਹਿਲਾਂ 13 ਮਈ ਨੂੰ ਸੈਣੀ ਨੇ ਥਾਣੇ ਜਾ ਕੇ ਆਪਣਾ ਪਾਸਪੋਰਟ ਜਮ੍ਹਾਂ ਕਰਾਇਆ ਤੇ 50 ਹਜ਼ਾਰ ਰੁਪਏ ਦਾ ਨਿੱਜੀ ਮੁਚੱਲਕਾ ਭਰਿਆ ਸੀ। ਅਦਾਲਤ ਨੇ 11 ਮਈ ਨੂੰ ਸੈਣੀ ਨੂੰ ਪੇਸ਼ਗੀ ਜ਼ਮਾਨਤ ਦੇਣ ਸਮੇਂ ਇੱਕ ਹਫ਼ਤੇ ਦੇ ਅੰਦਰ ਅੰਦਰ ਜਾਂਚ ਅਧਿਕਾਰੀ/ ਐਸ ਐਚ ਓ ਕੋਲ ਜਾਂਚ ਵਿੱਚ ਸ਼ਾਮਲ ਹੋਣ ਅਤੇ ਜ਼ਮਾਨਤੀ ਬਾਂਡ ਭਰਨ ਨੂੰ ਕਿਹਾ ਸੀ। ਸੈਣੀ ਦੀ ਪੇਸ਼ੀ ਦੀ ਝਾਕ ਵਿੱਚ ਏਥੋਂ ਦਾ ਸਾਰਾ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਸਵੇਰੇ 10 ਵਜੇ ਤੋਂ ਮੁਹਾਲੀ ਦੇ ਮਟੌਰ ਥਾਣੇ ਅੱਗੇ ਧੁੱਪ ਵਿੱਚ ਖੜ੍ਹਾ ਸੀ। ਪਹਿਲਾਂ ਸਵੇਰੇ 10 ਵਜੇ, ਫਿਰ ਦੁਪਹਿਰ ਇੱਕ ਵਜੇ ਤੇ ਫਿਰ ਤਿੰਨ ਵਜੇ ਸੈਣੀ ਦੇ ਥਾਣੇ ਵਿੱਚ ਪੇਸ਼ ਹੋਣ ਬਾਰੇ ਦੱਸਿਆ ਗਿਆ। ਕਰੀਬ ਸਾਢੇ ਤਿੰਨ ਵਜੇ ਐਸ ਪੀ (ਡੀ) ਹਰਮਨਦੀਪ ਸਿੰਘ ਹਾਂਸ ਅਤੇ ਜਾਂਚ ਟੀਮ ਦੇ ਬਾਕੀ ਮੈਂਬਰ ਸਰਕਾਰੀ ਗੱਡੀਆਂ ਵਿੱਚ ਅਚਾਨਕ ਮਟੌਰ ਥਾਣੇ ਤੋਂ ਨਿਕਲੇ ਅਤੇ ਜ਼ਿਲ੍ਹਾ ਪੁਲਸ ਹੈਡਕੁਆਰਟਰ ਪਹੁੰਚ ਗਏ। ਮੀਡੀਆ ਕਰਮੀ ਵੀ ਜਾਂਚ ਟੀਮ ਦੇ ਪਿੱਛੇ ਓਥੇ ਗਏ, ਪ੍ਰੰਤੂ ਪੁਲਸ ਨੇ ਪਹਿਲਾਂ ਤੋਂ ਡਿਪਟੀ ਕਮਿਸ਼ਨਰ ਕੰਪਲੈਕਸ ਤੇ ਐਸ ਐਸ ਪੀ ਦਫ਼ਤਰ ਨੂੰ ਜਾਣ ਵਾਲੇ ਸਾਰੇ ਰਸਤੇ ਨੂੰ ਬੈਰੀਕੇਡ ਲਾ ਕੇ ਪੂਰਾ ਇਲਾਕਾ ਸੀਲ ਕਰ ਦਿੱਤਾ ਅਤੇ ਮੀਡੀਆ ਨੂੰ ਅੱਗੇ ਨਹੀਂ ਜਾਣ ਦਿੱਤਾ ਗਿਆ। ਕਰੀਬ ਚਾਰ ਵਜੇ ਕੇ 20 ਮਿੰਟ 'ਤੇ ਸੁਮੇਧ ਸੈਣੀ ਐਸ ਐਸ ਪੀ ਦਫ਼ਤਰ ਪਹੁੰਚੇ ਜਿੱਥੇ ਉਨ੍ਹਾਂ ਤੋਂ ਕੀਤੀ ਗਈ ਪੁੱਛਗਿੱਛ ਦੇ ਵੇਰਵੇ ਨਹੀਂ ਮਿਲ ਸਕੇ।

# ਪੁਲਸ ਅਧਿਕਾਰੀ ਦੀ ਪਤਨੀ ਵਧੀਕੀਆਂ ਦੇ ਖ਼ਿਲਾਫ਼ ਅਦਾਲਤ ਪੁੱਜੀ

ਮੁਹਾਲੀ, 18 ਮਈ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਦੌਰਾਨ ਜਿੱਥੇ ਪੰਜਾਬ ਸਰਕਾਰ ਵੱਲੋਂ ਅਗਲੇ ਹੁਕਮ ਹੋਣ ਤੱਕ ਕਿਰਾਏਦਾਰਾਂ ਤੋਂ ਮਕਾਨ ਖ਼ਾਲੀ ਨਾ ਕਰਾਉਣ ਤੇ ਕਿਰਾਇਆ ਨਾ ਮੰਗਣ ਦੀਆਂ ਹਦਾਇਤਾਂ ਹੋਣ ਦੇ ਬਾਵਜੂਦ ਪੰਜਾਬ ਪੁਲਸ ਦੇ ਇੱਕ ਉਚ ਅਧਿਕਾਰੀ ਵੱਲੋਂ ਆਪਣੀ ਪਤਨੀ ਤੇ ਬੱਚਿਆਂ 'ਤੇ ਤਸ਼ੱਦਦ ਕਰਨ ਅਤੇ ਉਨ੍ਹਾਂ ਨੂੰ ਸਰਕਾਰੀ ਫਲੈਟ ਵਿੱਚੋਂ ਜਬਰੀ ਕੱਢਣ ਦਾ ਮਾਮਲਾ ਪਤਾ ਲੱਗਾ ਹੈ। ਇਸ ਪੁਲਸ ਅਧਿਕਾਰੀ ਦੀਆਂ ਵਧੀਕੀਆਂ ਤੋਂ ਤੰਗ ਆਈ ਉਸ ਦੀ ਪਤਨੀ ਨੇ ਇਨਸਾਫ਼ ਦੇ ਲਈ ਮੁਹਾਲੀ ਦੀ ਅਦਾਲਤ ਤੱਕ ਪਹੁੰਚ ਕੀਤੀ ਹੈ।

ਵਿਜੀਲੈਂਸ ਦੇ ਐੱਸ ਐੱਸ ਪੀ ਗੌਤਮ ਸਿੰਘਲ ਦੀ ਪਤਨੀ ਸ੍ਰੀਮਤੀ ਅੰਜੂ ਸਿੰਘਲ (42) ਵਾਸੀ ਕਮਾਂਡੋ ਕੰਪਲੈਕਸ ਫੇਜ਼-11 ਨੇ ਸੀਨੀਅਰ ਵਕੀਲ ਰਾਜੇਸ਼ ਗੁਪਤਾ ਰਾਹੀਂ ਮੁਹਾਲੀ ਦੀ ਅਦਾਲਤ ਵਿੱਚ ਅਰਜ਼ੀ ਦਿੱਤੀ ਹੈ। ਜੁਡੀਸ਼ਲ ਜੱਜ ਰਵਤੇਸ਼ ਇੰਦਰਜੀਤ ਸਿੰਘ ਨੇ ਕੇਸ ਨੂੰ ਗੰਭੀਰਤਾ ਨਾਲ ਲੈਂਦਿਆਂ ਸਰਕਾਰੀ ਫਲੈਟ ਵਿੱਚ ਐਸ ਐਸ ਪੀ ਗੌਤਮ ਸਿੰਘਲ ਦੇ ਆਉਣ ਅਤੇ ਆਪਣੀ ਪਤਨੀ ਅਤੇ ਬੱਚਿਆਂ ਨੂੰ ਜਬਰੀ ਬਾਹਰ ਕੱਢਣ ਉੱਤੇ ਰੋਕ ਲਾ ਦਿੱਤੀ ਹੈ। ਗੌਤਮ ਸਿੰਗਲ ਨੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਅਤੇ ਮਨਘੜਤ ਦੱਸਿਆ ਹੈ। ਇਸ ਬਾਰੇ ਵਕੀਲ ਰਾਜੇਸ਼ ਗੁਪਤਾ ਨੇ ਦੱਸਿਆ ਕਿ ਅੰਜੂ ਸਿੰਘਲ ਨੇ ਮੁਹਾਲੀ ਦੀ ਅਦਾਲਤ ਵਿੱਚ ਆਪਣੇ ਪਤੀ (ਐਸ ਐਸ ਪੀ ਵਿਜੀਲੈਂਸ ਲੁਧਿਆਣਾ ਗੌਤਮ ਸਿੰਘਲ) ਦੇ ਖ਼ਿਲਾਫ਼ ਸ਼ਿਕਾਇਤ ਕੀਤੀ ਹੈ ਕਿ ਉਸ ਦਾ ਪਤੀ ਉਨ੍ਹਾਂ ਨੂੰ ਸਰਕਾਰੀ ਫਲੈਟ 'ਚੋਂ ਧੱਕੇ ਨਾਲ ਕੱਢਣਾ ਚਾਹੁੰਦਾ ਤੇ ਉਸ ਦੀ ਕੁੱਟਮਾਰ ਕਰਦਾ ਹੈ। ਅੰਜੂ ਨੇ ਸਰਕਾਰ ਨੂੰ ਚਿੱਠੀ ਲਿਖ ਕੇ ਕਿਹਾ ਕਿ ਉਸ ਕੋਲ ਆਪਣਾ ਕੋਈ ਮਕਾਨ ਨਹੀਂ ਤੇ ਲਾਕਡਾਊਨ ਵਿੱਚ ਉਹ ਆਪਣੇ ਬੱਚਿਆਂ ਨੂੰ ਲੈ ਕੇ ਕਿੱਥੇ ਜਾਵੇ। ਇਸ ਪਿੱਛੋਂ ਸਰਕਾਰ ਨੇ ਉਸ ਨੂੰ ਦੋ ਮਹੀਨੇ ਲਈ ਉਕਤ ਫਲੈਟ ਵਿੱਚ ਰਹਿਣ ਲਈ ਸਮਾਂ ਦਿੱਤੀ ਹੈ। ਰਾਜੇਸ਼ ਗੁਪਤਾ ਨੇ ਦੱਸਿਆ ਕਿ ਐਸ ਐਸ ਪੀ ਗੌਤਮ ਸਿੰਘਲ ਬੀਤੀ 12 ਮਈ ਨੂੰ ਥਾਣਾ ਫੇਜ਼-11 ਦੇ ਐਸ ਐਚ ਓ ਨਾਲ ਕਮਾਂਡੋ ਕੰਪਲੈਕਸ ਵਿੱਚ ਸਰਕਾਰੀ ਫਲੈਟ ਵਿੱਚ ਆਏ ਅਤੇ ਆਪਣੀ ਪਤਨੀ ਨੂੰ ਫਲੈਟ ਖ਼ਾਲੀ ਕਰਨ ਲਈ ਕਿਹਾ। ਪੀੜਤ ਦੇ ਦੱਸਣ ਅਨੁਸ-ਾਰ ਗੌਤਮ ਸਿੰਘ ਵਾਪਸ ਜਾਣ ਸਮੇਂ ਫਲੈਟ 'ਚੋਂ ਟਰੱਕ ਵਿੱਚ ਕਾਫੀ ਸਾਮਾਨ ਵੀ ਲੈ ਗਏ।

# ਪੰਜਾਬ ਸਰਕਾਰ ਨੇ ਸੂਬੇ 'ਚ ਪਬਲਿਕ ਟਰਾਂਸਪੋਰਟ 'ਤੇ ਲੱਗੀਆਂ ਪਾਬੰਦੀਆਂ 'ਚ ਦਿੱਤੀ ਢਿੱਲ

## ਬੁੱਧਵਾਰ ਤੋਂ ਐੱਸ.ਟੀ.ਯੂ.ਦੀਆਂ ਬਸਾਂ ਨੂੰ 50 ਫੀਸਦੀ ਯਾਤਰੀਆਂ ਨਾਲ ਚੋਣਵੇਂ ਰੂਟਾਂ 'ਤੇ ਚੱਲਣ ਦੀ ਹੋਵੇਗੀ ਖੁੱਲ੍ਹ

ਚੰਡੀਗੜ੍ਹ, 18 ਮਈ (ਪੋਸਟ ਬਿਊਰੋ): ਪੰਜਾਬ ਸਰਕਾਰ ਨੇ ਰਾਜ 'ਚ ਪਬਲਿਕ ਟਰਾਂਸਪੋਰਟ 'ਤੇ ਲਾਈਆਂ ਪਾਬੰਦੀਆਂ 'ਚ ਢਿੱਲ ਦੇਣ ਦਾ ਫੈਸਲਾ ਕੀਤਾ ਹੈ।

ਇਹ ਜਾਣਕਾਰੀ ਟਰਾਂਸਪੋਰਟ ਵਿਭਾਗ ਦੀ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਟਰਾਂਸਪੋਰਟ ਮੰਤਰੀ ਰਜ਼ੀਆ ਸੁਲਤਾਨਾ ਨੇ ਦਿੱਤੀ। ਉਨ੍ਹਾਂ ਕਿਹਾ ਕਿ ਇਸ ਕਦਮ ਦਾ ਉਦੇਸ਼ ਰਾਜ ਦੇ ਨਾਗਰਿਕ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਦੂਰ ਕਰਨਾ ਹੈ ਤਾਂ ਜੋ ਉਹ ਨਿਰਵਿਘਨ ਆਪਣੀਆਂ ਡਿਊਟੀਆਂ ਨਿਭਾਅ ਸਕਣ।

ਰਜ਼ੀਆ ਸੁਲਤਾਨਾ ਨੇ ਅੱਜ ਇਥੇ ਜਾਰੀ ਪ੍ਰੈੱਸ ਬਿਆਨ 'ਚ ਕਿਹਾ ਕਿ ਜਨਤਕ ਆਵਾਜਾਈ ਨੂੰ ਚਾਲੂ ਕਰਨ 'ਤੇ ਪਾਬੰਦੀਆਂ 'ਚ ਢਿੱਲ ਦੇਣ ਦਾ ਫੈਸਲਾ ਭਾਰਤ ਸਰਕਾਰ ਵਲੋਂ ਜਾਰੀ ਤਾਜ਼ਾ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਫੈਸਲਾ ਲਿਆ ਗਿਆ ਹੈ ਕਿ ਰਾਜ ਟਰਾਂਸਪੋਰਟ ਅੰਡਰਟੇਕਿੰਗ ਬਸਾਂ ਨੂੰ ਬੁੱਧਵਾਰ ਤੋਂ ਵੱਡੇ ਸ਼ਹਿਰਾਂ ਅਤੇ ਜ਼ਿਲਾ ਹੈੱਡਕੁਆਟਰਾਂ ਦਰਮਿਆਨ ਪੁਆਇੰਟ ਤੋਂ ਪੁਆਇੰਟ ਤੱਕ ਚੋਣਵੇਂ ਰੂਟਾਂ 'ਤੇ ਚੱਲਣ ਦੀ ਆਗਿਆ ਦਿੱਤੀ ਜਾਏਗੀ ਅਤੇ ਇਨ੍ਹਾਂ ਬਸਾਂ 'ਚ 50% ਯਾਤਰੀ ਸਫਰ ਕਰ ਸਕਣਗੇ। ਉਨ੍ਹਾਂ ਕਿਹਾ ਕਿ ਇਹ ਬਸਾਂ ਸਿਰਫ ਬਸ ਸਟੈਂਡਾਂ ਤੋਂ ਚੱਲਣਗੀਆਂ, ਜਿਥੇ ਬਸਾਂ 'ਚ ਚੜ੍ਹਨ ਤੋਂ ਪਹਿਲਾਂ ਸਾਰੇ ਯਾਤਰੀਆਂ ਦੀ ਜਾਂਚ ਕੀਤੀ ਜਾਏਗੀ। ਮੰਤਰੀ ਨੇ ਕਿਹਾ ਕਿ ਟਰਾਂਸਪੋਰਟ ਵਿਭਾਗ ਇਹ ਯਕੀਨੀ ਬਣਾਏਗਾ ਕਿ ਬਸਾਂ ਜਾਂ ਹੋਰ ਟ੍ਰਾਂਸਪੋਰਟ ਚਲਾਉਣ ਸਮੇਂ ਕੋਵਿਡ-19 ਸੰਬੰਧੀ ਸਿਹਤ ਅਤੇ ਸਫਾਈ ਸਾਵਧਾਨੀਆਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਏਗੀ। ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਪਬਲਿਕ ਟ੍ਰਾਂਸਪੋਰਟ 'ਚ ਸਫਰ ਦੌਰਾਨ ਸਾਰੇ ਯਾਤਰੀਆਂ ਵਲੋਂ ਸਮਾਜਿਕ ਦੂਰੀ ਕਾਇਮ ਰੱਖੀ ਜਾਵੇ, ਮਾਸਕ ਪਹਿਨੇ ਜਾਣ ਅਤੇ ਸਾਰੇ ਯਾਰਤੀਆਂ ਦੇ ਹੱਥ ਡਰਾਈਵਰਾਂ ਦੁਆਰਾ ਦਿੱਤੇ ਸੈਨੀਟਾਈਜ਼ਰ ਨਾਲ ਹੱਥ ਸਾਫ ਕੀਤੇ ਜਾਣ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਇਹ ਢਿੱਲ ਪੰਜਾਬ ਰਾਜ 'ਚ ਲਾਗੂ ਹੈ ਅਤੇ ਰਾਜ ਸਰਕਾਰ ਦੁਆਰਾ ਨੋਟੀਫਾਈ ਕੀਤੀਆਂ ਕੰਟੇਨਮੈਂਟ ਜ਼ੋਨਾਂ ਤੱਕ ਨਹੀਂ ਵਧਾਈ ਜਾਏਗੀ।

ਰਜ਼ੀਆ ਸੁਲਤਾਨਾ ਨੇ ਕਿਹਾ ਕਿ ਟੈਕਸੀ, 4 ਪਹੀਆ ਵਾਹਨ ਚਾਲਕਾਂ ਅਤੇ ਕੈਬ ਐਗਰੀਗੇਟਰਾਂ ਲਈ 'ਤੇ ਨਵੀਆਂ ਪਾਬੰਦੀਆਂ ਲਾਗੂ ਹਨ ਹੁਣ ਵਿਅਕਤੀਆਂ ਦੀ ਗਿਣਤੀ ਇਕ ਡਰਾਈਵਰ ਅਤੇ ਦੋ ਯਾਤਰੀਆਂ ਤੱਕ ਸੀਮਤ ਹੋਵੇਗੀ। ਇਸੇ ਤਰ੍ਹਾਂ ਰਿਕਸ਼ਾ ਅਤੇ ਆਟੋ ਰਿਕਸ਼ਾ ਰਜਿਸਟਰਡ ਹਨ ਅਤੇ ਨਿਯਮਿਤ ਤੌਰ 'ਤੇ ਟੈਕਸ ਅਦਾ ਕਰਦੇ ਹਨ, ਲਈ ਗਿਣਤੀ ਇਕ ਡਰਾਈਵਰ/ਚਾਲਕ ਅਤੇ 2 ਯਾਤਰੀਆਂ ਤੱਕ ਸੀਮਤ ਰਹੇਗੀ। ਇਸੇ ਤਰ੍ਹਾਂ ਦੋ ਪਹੀਆ ਵਾਹਨ ਅਤੇ ਸਾਈਕਲਾਂ ਲਈ ਇਹ ਗਿਣਤੀ ਇਕ ਰਾਈਡਰ ਜਾਂ ਪਤਨੀ ਅਤੇ ਪਤੀ ਜਾਂ ਇਕ ਨਾਬਾਲਿਗ ਬੱਚੇ ਦੇ ਨਾਲ ਰਾਈਡਰ ਤੱਕ ਸੀਮਤ ਹੋਵੇਗੀ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਇਸ ਸੰਬੰਧੀ ਵਿਸਥਾਰਤ ਦਿਸ਼ਾ ਨਿਰਦੇਸ਼ ਜਲਦੀ ਹੀ ਟਰਾਂਸਪੋਰਟ ਵਿਭਾਗ ਵਲੋਂ ਜਾਰੀ ਕੀਤੇ ਜਾਣਗੇ।

ਇਸ ਮੀਟਿੰਗ 'ਚ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਕੇ. ਸਿਵਾ ਪ੍ਰਸ਼ਾਦ, ਡਾ. ਅਮਰਪਾਲ ਸਿੰਘ, ਐੱਸ. ਕੇ. ਸਿੰਘ, ਆਈ.ਜੀ. (ਟ੍ਰੈਫਿਕ) ਅਤੇ ਡੀ.ਐੱਸ.ਟੀ. ਐੱਮ.ਡੀ. ਪੀ.ਆਰ.ਟੀ.ਸੀ. ਸ਼ਾਮਿਲ ਹੋਏ।

# ਪ੍ਰਭਾਵਸ਼ਾਲੀ ਪੰਜਾਬੀ ਲੋਕਾਂ ਵਿੱਚ ਪਾਕਿ ਦੀ ਪਹਿਲੀ ਸਿੱਖ ਮਹਿਲਾ ਪੱਤਰਕਾਰ ਵੀ ਸ਼ਾਮਿਲ

ਲਾਹੌਰ, 18 ਮਈ (ਪੋਸਟ ਬਿਊਰੋ)- ਬਰਤਾਨੀਆ ਦੇ 'ਦ ਸਿੱਖ ਗਰੁੱਪ' ਵੱਲੋਂ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੇ 30 ਸਾਲ ਤੋਂ ਘੱਟ ਉਮਰ ਦੇ ਵਿਸ਼ਵ ਦੇ ਪ੍ਰਭਾਵਸ਼ਾਲੀ ਪੰਜਾਬੀਆਂ ਦੀ ਜਾਰੀ ਕੀਤੀ ਗਈ 100 ਨਾਵਾਂ ਦੀ ਸੂਚੀ 'ਚ ਪਾਕਿਸਤਾਨ ਦੀ ਪਹਿਲੀ ਸਿੱਖ ਮਹਿਲਾ ਪੱਤਰਕਾਰ ਮਨਮੀਤ ਕੌਰ ਦਾ ਨਾਂਅ ਵੀ ਇਸ ਵੱਕਾਰੀ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ। ਪਾਕਿ-ਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦੇ ਪਿਸ਼ਾਵਰ ਸ਼ਹਿਰ ਦੀ ਮਨਮੀਤ ਕੌਰ (25) ਸਮਾਜ ਸੇਵੀ ਦੇ ਨਾਲ ਪਾਕਿ ਨਿਊਜ਼ ਚੈਨਲ 'ਤੇ ਪੱਤਰਕਾਰ ਵਜੋਂ ਸੇਵਾ ਦੇਣ ਵਾਲੀ ਪਹਿਲੀ ਪਾਕਿਸਤਾਨੀ ਸਿੱਖ ਲੜਕੀ ਹੈ।

ਪਿਸ਼ਾਵਰ ਯੂਨੀਵਰਸਿਟੀ ਦੇ ਜਿਨਾਹ ਕਾਲਜ ਫ਼ਾਰ ਵੂਮੈਨ ਤੋਂ ਪੜ੍ਹਾਈ ਪੂਰੀ ਕਰਨ ਵਾਲੀ ਮਨਮੀਤ ਕੌਰ ਨੂੰ ਪਾਕਿ ਦੇ ਸਭ ਤੋਂ ਛੋਟੇ ਘੱਟ ਗਿਣਤੀ ਸਿੱਖ ਭਾਈਚਾਰੇ ਦੀ ਆਵਾਜ਼ ਅਤੇ ਮੁਸ਼ਕਿਲਾਂ ਵਾਸਤੇ ਤਨਦੇਹੀ ਅਤੇ ਇਮਾਨਦਾਰੀ ਨਾਲ ਮੀਡੀਆ ਦੇ ਰਾਹੀਂ ਪੇਸ਼ ਕਰਨ ਲਈ ਇਹ ਸਨਮਾਨ ਦਿੱਤਾ ਜਾ ਰਿਹਾ ਹੈ। ਉਹ ਅਗਲੇ ਸਾਲ ਬ੍ਰਿਟੇਨ 'ਚ ਕਰਵਾਏ ਜਾਣ ਵਾਲੇ ਸਮਾਰੋਹ 'ਚ



ਆਪਣਾ ਇਨਾਮ ਪ੍ਰਾਪਤ ਕਰੇਗੀ। ਮਨਮੀਤ ਕੌਰ ਨੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਜੋ ਲੋਕ ਸਖ਼ਤ ਮਿਹਨਤ ਕਰਦੇ ਹਨ, ਉਨ੍ਹਾਂ ਨੂੰ ਸਨਮਾਨ ਤੇ ਇਨਾਮ ਜ਼ਰੂਰ ਮਿਲਦਾ ਹੈ। ਉਸ ਨੇ ਕਿਹਾ ਕਿ ਉਸ ਲਈ ਬੜੇ ਮਾਣ ਦੀ ਗੱਲ ਹੈ ਕਿ ਉਹ ਯੂ ਕੇ ਜਾ ਕੇ ਪਾਕਿ-ਸਤਾਨ ਦੀ ਪ੍ਰਤੀਨਿਧਤਾ ਕਰੇਗੀ। ਮਨਮੀਤ ਕੌਰ ਦੇ ਇਲਾਵਾ ਗੁਰਦੁ-ਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਹੈਂਡ ਗ੍ਰੰਥੀ ਭਾਈ ਦਿਆ ਸਿੰਘ ਦੇ ਪੁੱਤਰ ਮਨਜੋਤ ਸਿੰਘ ਦਾ ਨਾਂਅ ਵੀ ਵਿਸ਼ਵ ਦੇ ਪ੍ਰਭਾਵਸ਼ਾਲੀ ਸਿੱਖਾਂ ਦੀ ਜਾਰੀ ਕੀਤੀ ਗਈ ਸੂਚੀ 'ਚ ਸ਼ਾਮਲ ਹੈ।

# ਯੂ ਕੇ ਦੇ ਅਮੀਰਾਂ ਵਿੱਚ ਹਿੰਦੂਜਾ ਭਰਾ ਦੂਜੇ ਨੰਬਰ 'ਤੇ ਆਏ

ਲੰਡਨ, 18 ਮਈ (ਪੋਸਟ ਬਿਊਰੋ)- ਭਾਰਤੀ ਮੂਲ ਦੇ ਹਿੰਦੂਜਾ ਗਰੁੱਪ ਦੇ ਮਾਲਕ ਸ੍ਰੀ ਹਿੰਦੂਜਾ ਤੇ ਗੋਪੀ ਹਿੰਦੂਜਾ ਯੂ ਕੇ ਦੇ ਅਮੀਰਾਂ ਦੀ ਸੂਚੀ 'ਚ ਦੂਜੇ ਸਥਾਨ 'ਤੇ ਆਏ ਹਨ।

ਸੰਡੇ ਟਾਈਮਜ਼ ਵੱਲੋਂ ਜਾਰੀ ਸੂਚੀ 'ਚ ਸਰ ਜੇਮਜ਼ ਡੇਸਨ ਤੇ ਪਰਵਾਰ ਇਸ ਵਾਰ ਪਹਿਲੇ ਸਥਾਨ 'ਤੇ ਆਇਆ ਹੈ। ਉਨ੍ਹਾਂ ਦੀ ਕੁੱਲ ਸੰਪਤੀ 16.2 ਬਿਲੀਅਨ ਪੌਂਡ ਹੈ, ਦੂਜੇ ਸਥਾਨ 'ਤੇ ਭਾਰਤੀ ਮੂਲ ਦੇ ਸ੍ਰੀ ਹਿੰਦੂਜਾ ਅਤੇ ਗੋਪੀ ਹਿੰਦੂਜਾ ਹਨ ਜਿਨ੍ਹਾਂ ਦਾ ਕੁੱਲ ਕਾਰੋਬਾਰ 16 ਬਿਲੀਅਨ ਪੌਂਡ ਦਾ ਹੈ। ਮੁੰਬਈ 'ਚ ਜਨਮੇ ਡੇਵਿਡ ਤੇ ਸਾਈਮਨ ਰੀਓਬੇਨ ਤੀਜੇ ਸਥਾਨ 'ਤੇ ਹਨ ਅਤੇ ਉਨ੍ਹਾਂ ਦੇ ਕੋਲ ਵੀ 16 ਬਿਲੀਅਨ ਪੌਂਡ ਸੰਪਤੀ ਹੈ। ਅਮੀਰ 20 ਲੋਕਾਂ ਵਿੱਚ ਸ਼ਾਮਲ ਭਾਰਤੀ ਮੂਲ ਦੇ ਅਨਿਲ ਅਗਰਵਾਲ 15ਵੇਂ ਸਥਾਨ 'ਤੇ ਹਨ।



ਉਨ੍ਹਾਂ ਦੀ ਕੁੱਲ ਸੰਪਤੀ 8.5 ਬਿਲੀਅਨ ਪੌਂਡ ਦੀ ਹੈ। ਸਟੀਲ ਕਾਰੋਬਾਰੀ ਲਕਸ਼ਮੀ ਮਿੱਤਲ 19ਵੇਂ ਸਥਾਨ 'ਤੇ ਹਨ, ਜਿਨ੍ਹਾਂ ਦੀ ਕੁੱਲ ਸੰਪਤੀ 6.78 ਬਿਲੀਅਨ ਪੌਂਡ ਹੈ।

1000 ਅਮੀਰਾਂ ਦੀ ਸੂਚੀ 'ਚ 25 ਔਰਤਾਂ ਵੀ ਹਨ। ਬਰਤਾਨੀਆ ਦੀ ਮਹਾਰਾਣੀ ਨੂੰ ਸੂਚੀ 'ਚ 350 ਮਿਲੀਅਨ ਪੌਂਡ ਨਾਲ 372ਵਾਂ ਸਥਾਨ ਮਿਲਿਆ ਹੈ। ਪ੍ਰਸਿੱਧ ਗਾਇਕਾ ਰਿਹਾਨਾ 468 ਮਿਲੀਅਨ ਪੌਂਡ ਦੀ ਸੰਪਤੀ ਨਾਲ ਇਸ ਸੂਚੀ 'ਚ ਨਵੀਂ ਸ਼ਾਮਲ ਹੋਈ ਹੈ। ਲੰਡਨ ਇੱਕ ਵਾਰ ਫਿਰ ਅਮੀਰ ਲੋਕਾਂ ਦੀ ਰਾਜਧਾਨੀ ਬਣ ਗਿਆ ਹੈ। ਸੂਚੀ 'ਚ ਸ਼ਾਮਲ 1000 ਲੋਕਾਂ 'ਚੋਂ 89 ਲੋਕ ਲੰਡਨ 'ਚ ਰਹਿੰਦੇ ਹਨ।

## ਕੋਰੋਨਾ ਦਾ ਅਗਾਊਂ ਪਤਾ ਲਾਉਣ ਲਈ ਕੁੱਤਿਆਂ ਨੂੰ ਸਿਖਲਾਈ

ਲੰਡਨ, 18 ਮਈ (ਪੋਸਟ ਬਿਊਰੋ)- ਬਰਤਾਨੀਆ ਸਰਕਾਰ ਨੇ ਮਨੁੱਖਾਂ 'ਚ ਕੋਰੋਨਾ ਵਾਇਰਸ ਦਾ ਅਗਾਊਂ ਪਤਾ ਲਾਉਣ ਲਈ ਵਿਸ਼ੇਸ਼ ਮੈਡੀਕਲ ਕੁੱਤਿਆਂ ਨੂੰ ਸਿਖਲਾਈ ਦੇਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੈ।

ਯੂ ਕੇ ਦੇ ਸਿਹਤ ਅਤੇ ਸਮਾਜਕ ਵਿਭਾਗ ਨੇ ਕਿਹਾ ਕਿ ਲੰਡਨ ਸਕੂਲ ਆਫ ਹਾਈਜੀਨ ਐਂਡ ਟ੍ਰੌਪੀਕਲ ਮੈਡੀਸਨ (ਐੱਲ ਐੱਸ ਐੱਚ ਟੀ ਐੱਮ) ਦੇ ਖੋਜ ਕਰਤਾਵਾਂ ਨੇ 'ਚੈਰਿਟੀ ਮੈਡੀਕਲ ਡਿਟੈਕਸ਼ਨ ਡੌਗਸ' ਤੇ ਡਰਹਮ ਯੂਨੀਵਰਸਿਟੀ ਦੇ ਸਹਿਯੋਗ ਨਾਲ ਖੋਜ ਦਾ ਪਹਿਲਾ ਪੜਾਅ ਸ਼ੁਰੂ ਕੀਤਾ ਹੈ, ਜਿਸ ਲਈ ਸਰਕਾਰ ਵੱਲੋਂ ਪੰਜ ਲੱਖ ਪੌਂਡ (ਸਾਢੇ ਚਾਰ ਕਰੋੜ ਰੁਪਏ ਤੋਂ ਵੱਧ) ਦਾ ਫੰਡ ਦਿੱਤਾ ਗਿਆ ਹੈ। ਇਸ ਪ੍ਰੀਖਣ ਦੇ ਪਹਿਲੇ ਪੜਾਅ 'ਚ ਇਹ ਨਿਰਧਾਰਤ ਕੀਤਾ ਜਾਵੇਗਾ ਕਿ ਕੀ ਕੁੱਤੇ ਗੰਧ ਦੇ ਨਮੂਨਿਆਂ ਤੋਂ




ਮਨੁੱਖਾਂ ਵਿੱਚ ਕੋਰੋਨਾ ਵਾਇਰਸ ਦਾ ਅਗਾਊਂ ਪਤਾ ਲਾਉਣ ਦੇ ਯੋਗ ਹਨ ਜਾਂ ਨਹੀਂ।

ਵਰਨਣ ਯੋਗ ਹੈ ਕਿ ਉਕਤ ਸੰਸਥਾਵਾਂ ਵੱਲੋਂ ਪਹਿਲਾਂ ਕੈਂਸਰ, ਮਲੇਰੀਆ ਤੇ ਪਾਰਕਿੰਸਨ ਵਰਗੀਆਂ ਬਿਮਾਰੀਆਂ ਦਾ ਮਨੁੱਖੀ ਗੰਧ ਤੋਂ ਪਤਾ ਲਾਉਣ ਲਈ ਕੁੱਤਿਆਂ ਨੂੰ ਸਫਲਤਾ ਪੂਰਵਕ ਸਿਖਲਾਈ ਦਿੱਤੀ ਜਾ ਚੁੱਕੀ ਹੈ। ਯੂ ਕੇ ਦੇ ਖੋਜ ਤੇ ਨਵੀਨਤਾ ਮੰਤਰੀ ਲਾਰਡ ਬੈਥਲ ਨੇ ਕਿਹਾ ਕਿ ਬਾਇਓ-ਡਿਟੈਕਸ਼ਨ ਕੁੱਤੇ ਪਹਿਲਾਂ ਹੀ ਖਾਸ ਕੈਂਸਰਾਂ ਦਾ ਪਤਾ ਲਾ ਲੈਂਦੇ ਹਨ ਤੇ ਸਾਨੂੰ ਵਿਸ਼ਵਾਸ ਹੈ ਕਿ ਇਸ ਪ੍ਰੀਖਣ ਲਈ ਵਿਆਪਕ ਟੈਸਟਿੰਗ ਰਣਨੀਤੀ ਦੇ ਹਿੱਸੇ ਵਜੋਂ ਤੇਜ਼ ਨਤੀਜੇ ਮਿਲਣ ਦੇ ਨਾਲ ਮੀਲ ਪੱਥਰ ਸਾਬਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਵਿੱਚ ਦੇਖਿਆ ਜਾਵੇਗਾ ਕਿ ਲਾਬਰਾਡੋਰ ਤੇ ਕਕਰ ਸਪੈਨਿਅਲਜ਼ ਦਾ ਮਿਸ਼ਰਣ ਕੁੱਤਿਆਂ ਨੂੰ ਖਾਸ ਸਿਖਲਾਈ ਦਿੱਤੀ ਜਾ ਸਕਦੀ ਹੈ ਜਾਂ ਨਹੀਂ। ਉਨ੍ਹਾਂ ਦੱਸਿਆ ਕਿ ਇਸ ਲਈ ਛੇ ਵਿਸ਼ੇਸ਼ ਸਿਖਲਾਈ ਪ੍ਰਾਪਤ ਕੁੱਤਿਆਂ ਦੀ ਚੋਣ ਕੀਤੀ ਗਈ ਹੈ।

## ਜ਼ਾਕਿਰ ਨਾਇਕ ਦੇ ਪੀਸ ਟੀ ਵੀ ਉੱਤੇ ਤਿੰਨ ਲੱਖ ਪੌਂਡ ਜੁਰਮਾਨਾ

ਲੰਡਨ, 18 ਮਈ (ਪੋਸਟ ਬਿਊਰੋ)- ਇਸਲਾਮਕ ਪ੍ਰਚਾਰਕ ਜ਼ਾਕਿਰ ਨਾਇਕ ਦੇ ਚੈਨਲ ਪੀਸ ਟੀ ਵੀ ਅਤੇ ਪੀਸ ਟੀ ਵੀ ਉਰਦੂ 'ਤੇ ਬ੍ਰਿਟੇਨ ਵਿਚ ਤਿੰਨ ਲੱਖ ਪੌਂਡ ਦਾ ਜੁਰਮਾਨਾ ਲੱਗਾ ਹੈ। ਪੀਸ ਟੀ ਵੀ ਨੂੰ ਆਪਣੇ ਪ੍ਰਸਾਰਨਾਂ ਨਾਲ ਬ੍ਰਿਟੇਨ ਵਿੱਚ ਕਤਲਾਂ ਲਈ ਭੜਕਾਉਣ ਅਤੇ ਨਫਰਤ ਫੈਲਾਉਣ ਦਾ ਦੋਸ਼ੀ ਪਾਇਆ ਗਿਆ ਹੈ।

ਪੀਸ ਟੀ ਵੀ ਉਤੇ ਇਹ ਜੁਰਮਾਨਾ ਬ੍ਰਿਟੇਨ ਦੀ ਮੀਡੀਆ ਵਾਚਡੌਗ ਆਫਕਾਮ ਨੇ ਲਾਇਆ ਹੈ। ਆਫਕਾਮ ਬ੍ਰਿਟੇਨ ਵਿੱਚ ਸੰਚਾਰ ਮਾਧਿਅਮਾਂ 'ਤੇ ਨਜ਼ਰ ਰੱਖਣ ਵਾਲੀ ਰੈਗੂਲੇਟਰੀ ਸੰਸਥਾ ਹੈ। ਇੱਕ ਬਿਆਨ ਵਿੱਚ ਆਫਕਾਮ ਨੇ ਕਿਹਾ ਹੈ ਕਿ ਉਸ ਨੇ ਪੀਸ ਟੀ ਵੀ ਉਰਦੂ ਉਤੇ ਦੋ ਲੱਖ ਪੌਂਡ ਅਤੇ ਪੀਸ ਟੀ ਵੀ ਉਤੇ ਇੱਕ ਲੱਖ ਪੌਂਡ ਦਾ ਜੁਰਮਾਨਾ ਲਾਇਆ ਹੈ। ਇਹ ਜੁਰਮਾਨਾ ਦੇਸ਼ ਦੇ ਬ੍ਰਾਡਕਾਸਟਿੰਗ ਨਿਯਮਾਂ ਨੂੰ ਤੋੜਨ ਦੇ ਬਦਲੇ ਲਾਇਆ ਗਿਆ ਹੈ। ਆਫਕਾਮ ਨੇ ਕਿਹਾ ਕਿ ਪੀਸ ਟੀ ਵੀ ਉਰਦੂ



ਅਤੇ ਪੀਸ ਟੀ ਵੀ 'ਤੇ ਪ੍ਰਸਾਰਿਤ ਪ੍ਰੋਗਰਾਮ ਦੀ ਸਮੱਗਰੀ ਬਹੁਤ ਇਤਰਾਜ਼ ਯੋਗ ਸੀ ਅਤੇ ਇੱਕ ਜਗ੍ਹਾ ਏਦਾਂ ਲੱਗ ਰਿਹਾ ਸੀ ਕਿ ਇਹ ਸਮੱਗਰੀ ਲੋਕਾਂ ਨੂੰ ਅਪਰਾਧ ਕਰਨ ਲਈ ਭੜਕਾ ਰਹੀ ਸੀ। ਆਫਕਾਮ ਨੇ ਕਿਹਾ, ਅਸੀਂ ਆਪਣੀ ਜਾਂਚ ਵਿੱਚ ਪਾਇਆ ਕਿ ਪ੍ਰੋਗਰਾਮ ਦੀ ਸਮੱਗਰੀ ਗੰਭੀਰ ਰੂਪ ਨਾਲ ਬ੍ਰਿਟੇਨ ਦੇ ਪ੍ਰਸਾਰਨ ਨਿਯਮਾਂ ਦੀ ਉਲੰਘਣਾ ਕਰ ਰਹੀ ਸੀ। ਇਸ 'ਤੇ ਜੁਰਮਾਨਾ ਲਗਾਉਣ ਦੀ ਲੋੜ ਸੀ। ਇਸ ਦੇ ਸਾਬਕਾ ਲਾਇਸੈਂਸ ਧਾਰਕ ਕਲੱਬ ਟੀ ਵੀ ਅਤੇ ਲਾਰਡ ਪ੍ਰੋਡਕਸ਼ਨ ਨੂੰ ਹੁਣ ਦੋ ਲੱਖ ਪੌਂਡ ਅਤੇ ਇੱਕ ਲੱਖ ਪੌਂਡ ਦਾ ਭੁਗਤਾਨ ਕਰਨਾ ਹੋਵੇਗਾ।

## ਬੀਜਿੰਗ ਵਿੱਚ ਘਰ ਦੇ ਬਾਹਰ ਮਾਸਕ ਪਾਉਣਾ ਲਾਜ਼ਮੀ ਨਹੀਂ

ਬੀਜਿੰਗ, 18 ਮਈ (ਪੋਸਟ ਬਿਊਰੋ)- ਚੀਨ ਦੀ ਰਾਜਧਾਨੀ ਬੀਜਿੰਗ ਵਿੱਚ ਲੋਕਾਂ ਨੂੰ ਘਰ ਤੋਂ ਬਾਹਰ ਨਿਕਲਣ ਦੌਰਾਨ ਮਾਸਕ ਪਾਉਣਾ ਜ਼ਰੂਰੀ ਨਹੀਂ ਹੋਵੇਗਾ। ਉਸ ਦੇਸ਼ ਦਾ ਇਹ ਕਦਮ ਦਰਸਾਉਂਦਾ ਹੈ ਕਿ ਰਾਜਧਾਨੀ ਬੀਜਿੰਗ ਵਿੱਚ ਕੋਰੋਨਾ ਇਨਫੈਕਸ਼ਨ ਪੂਰੀ ਤਰ੍ਹਾਂ ਕੰਟਰੋਲ ਵਿੱਚ ਹੈ। ਉਂਜ ਪਿਛਲੇ 24 ਘੰਟਿਆਂ ਵਿੱਚ ਚੀਨ ਵਿੱਚ ਇਨਫੈਕਸ਼ਨ ਦੇ ਪੰਜ ਨਵੇਂ ਕੇਸ ਸਾਹਮਣੇ ਆਏ ਹਨ। ਇਨ੍ਹਾਂ ਪੰਜਾਂ ਵਿੱਚੋਂ ਘਰੇਲੂ ਇਨਫੈਕਸ਼ਨ ਦੇ ਤਿੰਨ ਕੇਸਾਂ ਨੂੰ ਜਿਲੀਨ ਸੂਬੇ ਤੋਂ ਲੱਭਿਆ ਗਿਆ ਹੈ। ਘਰੇਲੂ ਇਨਫੈਕਸ਼ਨ ਦੇ ਕੇਸ ਮਿਲਣ ਪਿੱਛੋਂ ਜਿਲੀਨ ਵਿੱਚ ਇਸ ਹਫਤੇ ਲਾਕਡਾਊਨ ਦਾ ਐਲਾਨ ਕੀਤਾ ਗਿਆ ਹੈ। ਸਰਕਾਰੀ ਅਖਬਾਰ ਚਾਈਨਾ ਡੇਲੀ ਨੇ ਬੀਜਿੰਗ ਸੈਂਟਰ ਫਾਰ ਡਿਜੀਜ ਪ੍ਰੀਵੈਂਸ਼ਨ ਐਂਡ ਕੰਟਰੋਲ ਦੇ ਹਵਾਲੇ ਨਾਲ ਦੱਸਿਆ ਕਿ ਲੋਕਾਂ ਨੂੰ ਘਰੋਂ ਬਾਹਰ ਨਿਕਲਣ ਵੇਲੇ ਮਾਸਕ ਪਾਉਣ ਦੀ ਲੋੜ ਨਹੀਂ ਹੋਵੇਗੀ, ਪਰੰਤੂ ਦੂਜਿਆਂ ਨਾਲ ਨੇੜਲੇ ਸੰਪਰਕ ਤੋਂ ਬਚਣਾ ਹੋਵੇਗਾ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੌਸਮ ਚੰਗਾ ਹੋਣ 'ਤੇ ਜਨਤਾ ਨੂੰ ਕੁਝ ਬਾਹਰੀ ਕਸਰਤ ਲਈ ਵੀ ਛੋਟ ਦਿੱਤੀ ਜਾਵੇਗੀ ਜਿਸ ਨਾਲ ਲੋਕਾਂ ਦੀ ਸਿਹਤ ਬਿਹਤਰ ਹੋ ਸਕੇ। ਖਾਸ ਗੱਲ ਇਹ ਹੈ ਕਿ ਮਾਸਕ ਨਾ ਪਾਉਣ ਦਾ ਐਲਾਨ 13ਵੀਂ ਨੈਸ਼ਨਲ ਪੀਪਲਜ਼ ਕਾਂਗਰਸ (ਐੱਨ ਪੀ ਸੀ) ਦੇ 22 ਮਈ ਨੂੰ ਬੀਜਿੰਗ ਵਿੱਚ ਹੋ ਰਹੇ ਸਾਲਾਨਾ ਇਜਲਾਸ ਤੋਂ ਥੋੜ੍ਹਾ ਪਹਿਲਾਂ ਕੀਤਾ ਗਿਆ ਹੈ। ਐੱਨ ਪੀ ਸੀ ਦੇ ਸਾਲਾਨਾ ਇਜਲਾਸ ਤੋਂ ਪਹਿਲੇ ਕੌਮੀ ਸਲਾਹਕਾਰ ਸੰਸਥਾ ਚਾਈਨੀਜ਼ ਪੀਪਲਜ਼ ਪੋਲੀਟੀਕਲ ਕੰਸਲਟੇਟਿਵ ਕਾਨਫਰੰਸ (ਸੀ ਪੀ ਪੀ ਸੀ ਸੀ) ਦਾ ਸਾਲਾਨਾ ਇਜਲਾਸ ਵੀ 21 ਮਈ ਨੂੰ ਬੀਜਿੰਗ ਵਿੱਚ ਕਰਵਾਏ ਜਾਣ ਦੀ ਆਸ ਹੈ। ਐਨ ਪੀ ਸੀ ਅਤੇ ਸੀ ਪੀ ਪੀ ਸੀ ਸੀ ਦਾ ਸਾਲਾਨਾ ਇਜਲਾਸ ਚੀਨ ਨਵੇਂ ਸਾਲ ਦੇ ਤੁਰੰਤ ਬਾਅਦ ਹਰ ਸਾਲ ਮਾਰਚ ਵਿੱਚ ਕਰਵਾਉਂਦਾ ਹੈ ਜਿਸ ਵਿੱਚ ਸੱਤਾਧਾਰੀ ਕਮਿਊਨਿਸਟ ਪਾਰਟੀ ਸਾਲ ਲਈ ਬਜਟ ਸਮੇਤ ਆਪਣੇ ਰਾਸ਼ਟਰੀ ਏਜੰਡੇ ਦੀ ਜਾਣਕਾਰੀ ਦਿੰਦੀ ਹੈ।

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100
Ext. 348

# ਫਿਲਮੀ ਦੁਨੀਆ



## 'ਦ ਫੈਮਿਲੀਮੈਨ 2' 'ਚ ਹੋਵੇਗੀ ਸਮੰਤਾ ਅਕਿਨੇਨੀ

ਵੈੱਬ ਸੀਰੀਜ਼ 'ਦ ਫੈਮਿਲੀਮੈਨ' ਦੇ ਪਹਿਲੇ ਸੀਜ਼ਨ ਵਿੱਚ ਜੰਮੂ ਕਸ਼ਮੀਰ ਤੇ ਉਥੇ ਪਨਾਹ ਲੈਣ ਵਾਲੇ ਅੱਤਵਾਦੀਆਂ ਨੂੰ ਦਿਖਾਇਆ ਗਿਆ ਸੀ। ਇਸ ਵੈੱਬ ਸੀਰੀਜ਼ ਦੇ ਦੂਸਰੇ ਸੀਜ਼ਨ 'ਦ ਫੈਮਿਲੀਮੈਨ 2' ਵਿੱਚ ਅੱਤਵਾਦ ਦੇ ਤਾਰ ਵਿਦੇਸ਼ ਨਾਲ ਵੀ ਜੁੜੇ ਹੋਣਗੇ। ਸੂਤਰਾਂ ਮੁਤਾਬਕ ਦੂਸਰੇ ਸੀਜ਼ਨ ਦੀ ਸ਼ੂਟਿੰਗ ਚੇਨਈ ਦੇ ਨਾਲ ਲੰਡਨ ਦੇ ਵੀ ਕੁਝ ਹਿੱਸਿਆਂ ਵਿੱਚ ਕੀਤੀ ਗਈ ਹੈ। ਲੰਡਨ ਜਾ ਕੇ ਇਸ ਦੀ ਕਹਾਣੀ ਰੋਮਾਂਚਕ ਮੋੜ ਲਵੇਗੀ।

ਇਸ ਵੈਬ ਸੀਰੀਜ਼ ਦੇ ਦੂਸਰੇ ਵਿੱਚ ਸਾਊਥ ਦੀ ਮਸ਼ਹੂਰ ਅਭਿਨੇਤਰੀ ਸਮੰਤਾ ਅਕਿਨੇਨੀ ਵੀ ਜੁੜੀ ਹੈ। ਖਾਸ ਗੱਲ ਇਹ ਹੈ ਕਿ ਇਸ ਵਿੱਚ ਸਾਮੰਤਾ ਦਾ ਲੁਕ ਕਾਫੀ ਦਿਲਚਸਪ ਹੋਣ ਵਾਲਾ ਹੈ। ਸੂਤਰਾਂ ਮੁਤਾਬਕ ਉਨ੍ਹਾਂ ਦੇ ਲੁਕ 'ਤੇ ਪ੍ਰੋਜੈਕਟ ਦੀ ਪੂਰੀ ਟੀਮ ਨੇ ਕਾਫੀ ਰਿਸਰਚ ਕੀਤੀ ਹੈ। ਉਸ ਦੇ ਕਿਰਦਾਰ ਬਾਰੇ ਅਜੇ ਤੱਕ ਖਾਸ ਜਾਣਕਾਰੀ ਸਾਹਮਣੇ ਨਹੀਂ ਆਈ। ਪਹਿਲੇ ਸੀਜ਼ਨ ਦੇ ਮੁਕਾਬਲੇ ਦੂਸਰੇ ਸੀਜ਼ਨ ਵਿੱਚ ਐਕਸ਼ਨ ਤੇ ਰੋਮਾਂਚ ਕਿਤੇ ਜ਼ਿਆਦਾ ਹੋਵੇਗਾ। ਇਸ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ ਅਤੇ ਫਿਲਹਾਲ ਇਸ ਦੇ ਪੋਸਟ ਪ੍ਰੋਡਕਸ਼ਨ 'ਤੇ ਕੰਮ ਚੱਲ ਰਿਹਾ ਹੈ। ਇਸ ਵੈੱਬ ਸੀਰੀਜ਼ ਨੂੰ ਸਾਲ ਦੀ ਆਖਰੀ ਤਿਮਾਹੀ ਵਿੱਚ ਰਿਲੀਜ਼ ਕਰਨ ਦੀ ਯੋਜਨਾ ਹੈ।


## ਪਤਾ ਹੁੰਦਾ ਤਾਂ ਸਕੂਲ ਨਾ ਜਾਣ ਲਈ ਕਹਾਣੀਆਂ ਨਾ ਬਣਾਉਂਦੀ

### ਤਾਪਸੀ ਪੰਨੂ



ਸਕੂਲ ਜਾਣ ਤੋਂ ਬਚਣ ਲਈ ਬੱਚੇ ਕਈ ਬਹਾਨੇ ਬਣਾਉਂਦੇ ਹਨ। ਕਈ ਵਾਰ ਮਾਂ-ਬਾਪ ਨੂੰ ਝੂਠੀਆਂ ਕਹਾਣੀਆਂ ਵੀ ਬਣਾ ਕੇ ਸੁਣਾਉਂਦੇ ਹਨ। ਇਸ ਕੰਮ ਵਿੱਚ ਸਿਨੇਮਾ ਦੇ ਸਿਤਾਰੇ ਵੀ ਘੱਟ ਨਹੀਂ ਹਨ। ਤਾਪਸੀ ਪੰਨੂ ਨੇ ਸੋਸ਼ਲ ਮੀਡੀਆ 'ਤੇ ਇੱਕ ਤਸਵੀਰ ਸਾਂਝੀ ਕੀਤੀ ਹੈ। ਇਸ ਵਿੱਚ ਤਾਪਸੀ ਦੇ ਚਿਹਰੇ 'ਤੇ ਸੱਟ ਦੇ ਨਿਸ਼ਾਨ ਦਿੱਸਦੇ ਹਨ। ਇਸ ਦੇ ਨਾਲ ਉਸ ਨੇ ਲਿਖਿਆ, ਆਪਣੀ ਮਾਂ ਨੂੰ ਡਰਾਉਣ ਲਈ ਤੁਸੀਂ ਕੁਝ ਏਦਾਂ ਦੀ ਤਸਵੀਰ ਭੇਜਦੇ ਹੋ। ਇੱਕ ਫਿਲਮ ਦਾ ਫਾਈਟ ਸੀਕਵੈਂਸ ਸ਼ੂਟ ਕਰਦੇ ਹੋਏ ਮੇਕਅਪ ਦੀ ਮਦਦ ਨਾਲ ਇਹ ਤਸਵੀਰ ਖਿੱਚੀ ਗਈ ਹੈ। ਇੰਨੀਆਂ ਫਿਲਮਾਂ ਦੀ ਸ਼ੂਟਿੰਗ ਵਿੱਚ ਏਦਾਂ ਦੀਆਂ ਕਈ ਸੱਟਾਂ ਖਾਣ ਪਿੱਛੋਂ ਮੈਨੂੰ ਲੱਗਦਾ ਹੈ ਕਿ ਮੈਂ ਖੁਦ ਵੀ ਮੇਕਅਪ ਨਾਲ ਏਦਾਂ ਦੀ ਸੱਟ ਦਾ ਨਿਸ਼ਾਨ ਬਣਾ ਸਕਦੀ ਹਾਂ। ਕਾਸ਼, ਮੈਨੂੰ ਕੁਝ ਸਾਲ ਪਹਿਲਾਂ ਇਹ ਪਤਾ ਹੁੰਦਾ ਤਾਂ ਸਵੇਰੇ-ਸਵੇਰੇ ਉਠ ਕੇ ਸਕੂਲ ਜਾਣ ਤੋਂ ਬਚਣ ਲਈ ਮੈਨੂੰ ਵੱਖ-ਵੱਖ ਤਰ੍ਹਾਂ ਦੀਆਂ ਕਹਾਣੀਆਂ ਨਾ ਬਣਾਉਣੀਆਂ ਪੈਂਦੀਆਂ। ਤਾਪਸੀ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਅਕਸਰ ਆਪਣੀਆਂ ਪੁਰਾਣੀਆਂ ਤਸਵੀਰਾਂ ਸਾਂਝੀਆਂ ਕਰਦੀ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਆਪਣੀ ਭੈਣ ਸ਼ਗੁਨ ਨਾਲ ਬਚਪਨ ਦੀ ਇੱਕ ਤਸਵੀਰ ਵੀ ਸ਼ੇਅਰ ਕੀਤੀ ਸੀ, ਅਗਲੇ ਦਿਨਾਂ ਵਿੱਚ ਉਹ 'ਹਸੀਨ ਦਿਲਰੁਬਾ' ਅਤੇ 'ਰਸ਼ਮੀ ਰਾਕੇਟ' ਵਰਗੀਆਂ ਫਿਲਮਾਂ ਵਿੱਚ ਨਜ਼ਰ ਆਏਗੀ।

## ਸ਼ਾਹਰੁਖ ਨੇ ਸਨੀ ਦਿਓਲ ਨੂੰ ਦਿੱਤੇ 'ਦਾਮਿਨੀ' ਦੇ ਰੀਮੇਕ ਰਾਈਟਸ



ਸ਼ਾਹਰੁਖ ਖਾਨ ਤੇ ਸਨੀ ਦਿਓਲ ਨੇ ਫਿਲਮ 'ਡਰ' ਵਿੱਚ ਇਕੱਠੇ ਕੰਮ ਕੀਤਾ ਸੀ। ਸ਼ੂਟਿੰਗ ਵੇਲੇ ਦੋਵਾਂ ਦੇ ਸੰਬੰਧਾਂ ਵਿੱਚ ਕੁੜੱਤਣ ਆਉਣ ਦੀ ਖਬਰ ਸੀ। ਅੱਜਕੱਲ੍ਹ ਇਹ ਕੜਵਾਹਟ ਮਿਟਦੀ ਨਜ਼ਰ ਆ ਰਹੀ ਹੈ। ਫਿਲਮੀ ਗਲਿਆਰਿਆਂ ਦੀਆਂ ਖਬਰਾਂ ਮੁਤਾਬਕ ਸ਼ਾਹਰੁਖ ਨੇ ਸਾਲ 1993 ਵਿੱਚ ਬਣੀ ਫਿਲਮ 'ਦਾਮਿਨੀ' ਦੇ ਰੀਮੇਕ ਰਾਈਟਸ ਸੰਨੀ ਦਿਓਲ ਨੂੰ ਦੇ ਦਿੱਤੇ ਹਨ। ਦਰਅਸਲ ਸਨੀ ਆਪਣੇ ਬੇਟੇ ਕਰਣ ਦਿਓਲ ਨੂੰ ਲੈ ਕੇ 'ਦਾਮਿਨੀ' ਦੀ ਰੀਮੇਕ ਬਣਾਉਣਾ ਚਾਹੁੰਦੇ ਸਨ। ਇਸ ਫਿਲਮ ਦੇ ਰੀਮੇਕ ਰਾਈਟਸ ਸ਼ਾਹਰੁਖ ਖਾਨ ਦੀ ਪ੍ਰੋਫੈਸ਼ਨਲ ਕੰਪਨੀ ਰੈੱਡ ਚਿਲੀਜ਼ ਦੇ ਕੋਲ ਸਨ। ਸ਼ਾਹਰੁਖ ਨੇ ਕੁਝ ਸਾਲ ਪਹਿਲਾਂ ਫਿਲਮ ਦੇ ਨਿਰਮਾਤਾ ਕਰੀਮ ਮੋਰਾਨੀ ਤੋਂ ਇਸ ਫਿਲਮ ਦੇ ਰੀਮੇਕ ਰਾਈਟਸ ਖਰੀਦ ਲਏ ਸਨ।

## ਸਲਮਾਨ ਦੇ ਨਵੇਂ ਗਾਣੇ 'ਤੇਰੇ ਬਿਨਾਂ' ਦਾ ਟੀਜ਼ਰ ਰਿਲੀਜ਼



ਲਾਕਡਾਊਨ ਵਿੱਚ ਆਪਣੇ ਪਨਵੇਲ ਦੇ ਫਾਰਮ ਹਾਊਸ ਵਿੱਚ ਰਹਿ ਕੇ ਸਲਮਾਨ ਖਾਨ ਲੋਕਾਂ ਦਾ ਮਨੋਰੰਜਨ ਕਰਨਾ ਨਹੀਂ ਭੁੱਲਦੇ। 'ਪਿਆਰ ਕਰੋਨਾ' ਦੇ ਬਾਅਦ ਉਨ੍ਹਾਂ ਦੇ ਨਵੇਂ ਵੀਡੀਓ ਸਾਂਗ 'ਤੇਰੇ ਬਿਨਾਂ' ਦਾ ਟੀਜ਼ਰ ਰਿਲੀਜ਼ ਹੋ ਚੁੱਕਾ ਹੈ। ਇਸ ਰੋਮਾਂਟਿਕ ਗਾਣੇ ਵਿੱਚ ਸਲਮਾਨ ਦੇ ਨਾਲ ਜੈਕਲੀਨ ਫਰਨਾਂਡੀਜ਼ ਵੀ ਨਜ਼ਰ ਆ ਰਹੀ ਹੈ। ਸਲਮਾਨ ਨੇ ਇਹ ਗਾਣਾ ਮਦਰਸ ਡੇਅ 'ਤੇ ਸਾਰੀਆਂ ਮਾਵਾਂ ਨੂੰ ਵੀ ਸਮਰਪਿਤ ਕੀਤਾ ਹੈ। ਇਸ ਨੂੰ ਸ਼ੇਅਰ ਕਰ ਕੇ ਉਨ੍ਹਾਂ ਨੇ ਕੈਪਸ਼ਨ ਲਿਖਿਆ ਹੈ, 'ਤੇਰੇ ਬਿਨਾਂ... ਸਾਰੀਆਂ ਮਾਵਾਂ ਨੂੰ ਮਦਰਸ ਡੇਅ ਦੀ ਬਹੁਤ ਸਾਰੀਆਂ ਸ਼ੁਭਕਾਮਨਾਵਾਂ।" ਇਸ ਗਾਣੇ ਨੂੰ ਸ਼ੂਟ ਕਰਨ ਲਈ ਸਲਮਾਨ ਨੇ ਲਾਕਡਾਊਨ ਦੇ ਸਾਰੇ ਨਿਯਮਾਂ ਦਾ ਧਿਆਨ ਰੱਖਿਆ। ਤੁਹਾਨੂੰ ਇਸ ਦੇ ਟੀਜ਼ਰ ਨੂੰ ਦੇਖ ਕੇ ਜ਼ਰਾ ਨਹੀਂ ਲੱਗੇਗਾ ਕਿ ਇਹ ਲਿਮਟਿਡ ਰਿਸੋਰਸਿਜ਼ ਵਿਚਾਲੇ ਸ਼ੂਟ ਹੋਇਆ ਹੈ।

## ਅਭਿਨੇਤਾ ਨੂੰ ਜਾਸੂਸ ਬਣਨਾ ਪੈਂਦਾ ਹੈ : ਅਕਸ਼ੈ ਓਬਰਾਏ



ਅਭਿਨੇਤਾ ਅਕਸ਼ੈ ਓਬਰਾਏ ਦੀ ਝੋਲੀ ਵਿੱਚ ਵੈਰਾਇਟੀ ਕਿਰਦਾਰ ਹਨ। ਉਹ ਇਲਲੀਗਲ' ਵੈੱਬ ਸੀਰੀਜ਼ ਵਿੱਚ ਵਕੀਲ ਦੀ ਭੂਮਿਕਾ ਵਿੱਚ ਆਏਗਾ। ਉਸ ਦਾ ਕਹਿਣਾ ਹੈ ਕਿ ਕਿਰਦਾਰ ਦੀ ਬੋਲਚਾਲ ਤੇ ਭਾਸ਼ਾ ਉਹੋ ਜਿਹੀ ਹੈ, ਜਿੱਦਾਂ ਦੀ ਅਸਲ ਜੀਵਨ ਵਿੱਚ ਹੈ। ਬਾਕੀ ਕਿਰਦਾਰਾਂ ਵਿੱਚ ਇਹ ਵੱਖ ਦਿਸੇਗੀ। ਆਉਣ ਵਾਲੇ ਦਿਨਾਂ ਵਿੱਚ ਉਹ ਏਕਤਾ ਕਪੂਰ ਦੀ ਰੋਮਾਂਟਿਕ ਫਿਲਮ 'ਕੇਟੀਨਾ' ਵਿੱਚ ਦਿਖਾਈ ਦੇਣਗੇ। 'ਮੈਡਮ ਚੀਫ ਮਨਿਸਟਰ' ਫਿਲਮ ਵਿੱਚ ਉਨ੍ਹਾਂ ਦੇ ਨਾਲ ਮਾਨਵ ਕੌਲ ਅਤੇ ਰਿਚਾ ਚੱਢਾ ਹਨ। ਉਨ੍ਹਾਂ ਕਿਹਾ ਕਿ ਉਹ ਕਿਰਦਾਰ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਅਭਿਨੇਤਾ ਨੂੰ ਜਾਸੂਸ ਬਣਨਾ ਪੈਂਦਾ ਹੈ। ਇਨਸਾਨ ਦੇ ਸ਼ੇਡਸ ਬਾਹਰ ਲਿਆਉਣਾ ਅਭਿਨੇਤਾ ਦਾ ਕੰਮ ਹੁੰਦਾ ਹੈ।

## ਅਮਿਤਾਭ ਦੇ ਨਾਲ ਪਹਿਲੇ ਦਿਨ ਸ਼ੂਟਿੰਗ ਨਹੀਂ ਕਰਨਾ ਚਾਹੁੰਦੇ ਸਨ ਇਮਰਾਨ ਹਾਸ਼ਮੀ



ਅਮਿਤਾਭ ਬੱਚਨ ਨਾਲ ਸਕਰੀਨ ਸ਼ੇਅਰ ਕਰਨਾ ਹਰ ਕਲਾਕਾਰ ਦਾ ਸੁਫਨਾ ਹੁੰਦਾ ਹੈ, ਪਰ ਫਿਲਮ 'ਚਿਹਰੇ' ਵਿੱਚ ਪਹਿਲੀ ਵਾਰ ਅਮਿਤਾਭ ਨਾਲ ਕੰਮ ਕਰ ਰਹੇ ਇਮਰਾਨ ਹਾਸ਼ਮੀ ਪਹਿਲੇ ਦਿਨ ਉਨ੍ਹਾਂ ਦੇ ਨਾਲ ਸ਼ੂਟਿੰਗ ਨਹੀਂ ਕਰਨਾ ਚਾਹੁੰਦੇ ਸਨ। ਇਮਰਾਨ ਨੇ ਸੋਸ਼ਲ ਮੀਡੀਆ 'ਤੇ ਲਾਈਵ ਗੱਲਬਾਤ ਵਿੱਚ ਦੱਸਿਆ ਕਿ ਪਹਿਲੀ ਵਾਰ ਅਮਿਤਾਭ ਬੱਚਨ ਦੇ ਨਾਲ ਸ਼ੂਟਿੰਗ ਦੇ ਸਮੇਂ ਉਹ ਇੰਨਾ ਨਰਵਸ ਸੀ ਕਿ ਉਹ ਪਹਿਲੇ ਦਿਨ ਉਨ੍ਹਾਂ ਨਾਲ ਸ਼ੂਟ ਹੀ ਨਹੀਂ ਕਰਨਾ ਚਾਹੁੰਦੇ ਸੀ, ਪਰ ਬਿੱਗ ਬੀ ਨੇ ਉਨ੍ਹਾਂ ਸਹਿਜ ਮਹਿਸੂਸ ਕਰਵਾਇਆ। ਇਸ ਦੇ ਬਾਅਦ ਦੋਵਾਂ ਨੇ ਆਸਾਨੀ ਨਾਲ ਇਕੱਠੇ ਸ਼ੂਟਿੰਗ ਕੀਤੀ।

'ਚਿਹਰੇ' ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਇਸ ਦੌਰਾਨ ਇਮਰਾਨ ਨੇ ਰਿਸ਼ੀ ਕਪੂਰ ਦੇ ਦਿਹਾਂਤ ਨੂੰ ਪੂਰੀ ਇੰਡਸਟਰੀ ਲਈ ਵੱਡਾ ਨੁਕਸਾਨ ਦੱਸਿਆ। ਰਿਸ਼ੀ ਨਾਲ ਕੰਮ ਕਰਨਾ ਇੱਕ ਸੁਫਨੇ ਦਾ ਸੱਚ ਹੋਣਾ ਦੱਸਿਆ। ਉਸ ਨੇ ਕਿਹਾ ਕਿ ਫਿਲਮ 'ਦ ਬਾਡੀ' ਦੀ ਸ਼ੂਟਿੰਗ ਵੇਲੇ ਉਹ ਰਿਸ਼ੀ ਕਪੂਰ ਦੇ ਟਵੀਟਸ ਪੜ੍ਹ ਕੇ ਕਾਫੀ ਤਿਆਰੀ ਨਾਲ ਸੈੱਟ 'ਤੇ ਗਏ ਸਨ ਕਿ ਕਿਤੇ ਉਹ ਸੈੱਟ 'ਤੇ ਗੁੱਸਾ ਨਾ ਹੋ ਜਾਣ, ਪਰ ਉਨ੍ਹਾਂ ਦੀ ਸਾਰੀਆਂ ਧਾਰਾਨਾਵਾਂ ਗਲਤ ਸਾਬਤ ਹੋਈਆਂ। ਫਿਲਮ ਦੌਰਾਨ ਦੋਵਾਂ ਨੇ ਕਈ ਮੁੱਦਿਆਂ 'ਤੇ ਗੱਲਾਂ ਕੀਤੀਆਂ। 'ਚਿਹਰੇ' ਦੇ ਇਲਾਵਾ ਇਮਰਾਨ ਫਿਲਮ 'ਮੁੰਬਈ ਸਾਗਾ' ਵਿੱਚ ਵੀ ਨਜ਼ਰ ਆਉਣਗੇ।

